# ਅੰਮ੍ਰਿਤ ਕੀਰਤਨ

ਮਈ 2004

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 5 ◆ ਸਾਲ ਸੋਲਵਾਂ ◆ ਮਈ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਜਿਸਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ**<br>*ਭਗਵੰਤ ਸਿੰਘ ਦਲਾਵਰੀ* | 5 |
| **ਆਵਾਜ਼ ਬਾਰੇ**<br>*ਸ਼ੇਖ ਸਾਆਦੀ* | 7 |
| **ਭੇਂਟ ਵਾਰਤਾ**<br>*ਪ੍ਰੋ. ਜਯੋਤੀ ਕੌਰ* | 8 |
| **ਗੁਰਬਾਣੀ ਵਿਆਖਿਆ ਪਰੰਪਰਾ ਵਿਚ...**<br>*ਡਾ. ਚਾਨਣ ਸਿੰਘ ਨਿਰਮਲ* | 11 |
| **ਸਾਡਾ ਵਿਰਸਾ : ਸ਼ਬਦ ਕੀਰਤਨ 'ਚ ਟਿਕਾਊ**<br>*ਕੁਲਬੀਰ ਸਿੰਘ* | 15 |
| **ਪੁਸਤਕ ਸਮੀਖਿਆ**<br>*ਉਤਮ ਸਿੰਘ* | 17 |
| **ਕੀਰਤਨ ਸਮਾਗਮ**<br>*ਗੁਰਜੰਤ ਸਿੰਘ ਰਾਹੀ* | 19 |
| **ਸੁਰ ਲਿਪੀਆਂ**<br>*ਹਰਿਭਜਨ ਸਿੰਘ* | 22 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਵਿਚ ਨਿਖਾਰ ਆ ਰਿਹਾ ਹੈ। ਬਹੁਤ ਵਧੀਆ ਲੇਖ ਪੜ੍ਹਨ ਨੂੰ ਮਿਲ ਰਹੇ ਹਨ ਜੇਕਰ ਇਕ ਦੋ ਕਵਿਤਾਵਾਂ ਵੀ ਦੇ ਦਿਆ ਕਰੋ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋਵੇਗਾ। ਵੀਰ ਗੁਰਜੰਤ ਸਿੰਘ ਰਾਹੀ ਹੁਰਾਂ ਦਾ ਲੇਖ 'ਤੰਤੀ ਸਾਜਾਂ ਨਾਲ ਕੀਰਤਨ ਕਰਨ ਬਾਰੇ' ਮੈਨੂੰ ਬੜਾ ਪਸੰਦ ਆਇਆ। ਮੈਂ ਬਹੁਤ ਦਿਨਾਂ ਤੋਂ ਭਾਈ ਧਰਮ ਸਿੰਘ ਜਖ਼ਮੀਂ ਅਤੇ ਹੁਣ ਉਨ੍ਹਾਂ ਦੇ ਸਪੁੱਤਰ ਭਾਈ ਅਮਰੀਕ ਸਿੰਘ ਜੀ ਜਖ਼ਮੀਂ ਨੂੰ ਸੁਣਦਾ ਆ ਰਿਹਾ ਹਾਂ। ਉਹ ਕੀਰਤਨ ਨਾਲ ਦਿਲਰੁਬਾ ਰੱਖਦੇ ਹਨ। ਹੋਰ ਵੀ ਬਹੁਤ ਜਥੇ ਹਨ ਜੋ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਹਨ। ਬਹੁਤ ਹੀ ਚੰਗਾ ਲਗਦਾ ਹੈ। ਮੈਂ ਰਾਗੀ ਸਿੰਘਾਂ ਅੱਗੇ ਬੇਨਤੀ ਕਰਦਾ ਹਾਂ ਕਿ ਉਹ ਤੰਤੀ ਸਾਜ਼ ਜਰੂਰ ਇਸਤੇਮਾਲ ਕਰਨਾ। ਵੀਰ ਭਗਵੰਤ ਸਿੰਘ ਜੀ ਦਿਲਾਵਰੀ ਹੁਰਾਂ ਦੇ ਲੇਖ ਵੀ 'ਅੰਮ੍ਰਿਤ ਕੀਰਤਨ' ਵਿਚ ਛਪਦੇ ਹਨ, ਮੈਂ ਬੜੀ ਰੁਚੀ ਨਾਲ ਲੈ ਕੇ ਪੜ੍ਹਦਾ ਹਾਂ। ਜੋ ਸੇਵਾ ਉਹ ਕਰਦੇ ਹਨ ਅਮਰਾਵਤੀ ਵਿਚ ਰਹਿ ਕੇ, ਵਾਹਿਗੁਰੂ ਉਨ੍ਹਾਂ ਨੂੰ ਇਹ ਸੇਵਾ ਕਰਨ ਦੀ ਤਾਕਤ ਬਖਸ਼ਣ ਤੇ ਉਨ੍ਹਾਂ ਨੂੰ ਦੇਹ ਅਰੋਗਤਾ ਬਖਸ਼ਣ।

*- ਮਹਿੰਦਰ ਸਿੰਘ ਨਿਰਮਾਣ*

*3/12, ਦਾਸਵਾਨੀ ਅਪਾਰਮੈਂਟਸ, ਪੂਨਾ-1*

♦ ਅਪ੍ਰੈਲ ਅੰਕ ਬੇਹੱਦ ਪਸੰਦ ਆਇਆ। 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਦੀ ਤਹਿਰੀਰ ਕਾਬਲੇ ਤਾਰੀਫ ਸੀ, ਡਾ. ਗੁਰਨਾਮ ਸਿੰਘ ਦਾ ਲੇਖ 'ਗੁਰਮਤਿ ਸੰਗੀਤ, ਪ੍ਰਮੁੱਖ ਕੀਰਤਨਕਾਰ ਤੇ ਕੀਰਤਨ ਸੇਵੀ, ਨਵੀਂ ਪ੍ਰਭਾਤ ਵਿਚੋਂ ਬੀਬੀ ਬੀਨਾ ਰਾਇ ਬਾਰੇ ਗੁਰਬਾਣੀ ਕੀਰਤਨ ਬਾਰੇ ਜਾਣਕਾਰੀ, ਭਾਈ ਅਵਤਾਰ ਸਿੰਘ ਹੰਸ ਸੰਗਰੂਰ ਵਲੋਂ 'ਭਾਈ ਸਾਹਿਬ ਭਾਈ ਧਰਮ ਸਿੰਘ ਜੀਂ'ਬਾਰੇ ਜਾਣਕਾਰੀ ਬਹੁਤ ਹੀ ਵਧੀਆ ਲੇਖ ਸੀ। ਭਾਈ ਕਸ਼ਮੀਰ ਸਿੰਘ ਮੋਹਾਲੀ ਵਲੋਂ 'ਰਾਗ ਬਸੰਤ ਹਿੰਡੋਲ ਵਿਚ ਤਿੰਨ ਤਾਲ ਤੇ ਤਾਲ ਦਾਦਰਾ ਵਿਚਲੀਆਂ ਬੰਦਸ਼ਾਂ' ਬਾਰੇ ਆਦਿਕ ਲੇਖ ਬਹੁਤ ਹੀ ਖੋਜ ਭਰਪੂਰ ਸੀ।

ਬਾਕੀ ਕਿਸੇ ਰਾਗੀ ਢਾਡੀ ਜਥੇ ਅਤੇ ਕਥਾ ਵਾਚਕ (ਪ੍ਰਚਾਰਕ) ਸਿੰਘ ਜੇਕਰ ਟੀ.ਵੀ. ਚੈਨਲ 'ਤੇ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਦਾਸ ਨਾਲ ਸੰਪਰਕ ਕਰ ਸਕਦੇ ਹਨ। ਬੰਬਈ ਦੇ ਨਵੇਂ ਧਾਰਮਿਕ ਚੈਨਲ ਵਾਲਿਆਂ ਦਾ ਮੇਰੇ ਕੋਲ ਲੈਟਰ ਆਇਆ ਸੀ ਜੇਕਰ ਕਿਸੇ ਵੀ ਸਿੰਘ ਨੇ ਪ੍ਰੋਗਰਾਮ ਦੇਣਾ ਹੋਵੇ ਤਾਂ ਦਾਸ ਨਾਲ ਸੰਪਰਕ ਕਰੋ। ਪੂਰੀ ਜਾਣਕਾਰੀ ਭੇਜ ਦਿਆਂਗਾ।

ਜੇਕਰ ਕਿਸੇ ਵੀ ਸ਼ਹਿਰ ਜਾਂ ਪਿੰਡ ਦੇ ਗੁਰਦੁਆਰਾ ਸਾਹਿਬ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਚਾਹੀਦੇ ਹੋਣ ਤਾਂ ਦਾਸ ਨਾਲ ਸੰਪਰਕ ਕੀਤਾ ਜਾਵੇ। ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਬਿਨਾ ਭੇਟਾ ਤੋਂ ਫਰੀ ਦਿੱਤੇ ਜਾਂਦੇ ਹਨ। ਪਹੁੰਚਾਣ ਦਾ ਵੀ ਪ੍ਰਬੰਧ ਹੈ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ (ਮੁਕਤਸਰ)*

♦ Kar-Sewa, literally means, sewa performed with hands. Where ever, in a religious place, the labour is required it is referred to as Kar Sewa. The reconstruction of AKAL TAKHAT, construction of additional accommodation in a temple or Gurudwara, de-silting of the Sarowar's of Amritsar is all terned as Kar Sewa.

Sewa, we all know is considered God's grant of a privilege, Not given to all (to only selected few). Therefore any opportunity to do sewa be it 'Dhan or Tan' a truly religious Sikh is willing to perform with all his heart and soul. This is quite evident from the Kar-Sewa now-a-days going on in de-silting of the Sarowar's at Golden Temple.

The Bank of Punjab, Chandigarh has donated five gold spades and as many silver bowls for this Kar-Sewa. It has be fuddled my mind as to the concept behind this donation. Is it that gold &

silver appeals to God, therefore claiming greater benevalence from God. Or the process of desilting with Gold & silver implements is more expeditious and special.

I think both the concept are wrong to the extent of being absurd. The Bank Management, perhaps does not remember that God in our religion is referred lovingly as 'garib niwaz', one who honours and blesses the poor (mind you, not the rich!). The best thing would have been to lead the whole staff of the bank to Amritsar and personally lead the Kar Sewa and set a good example of religiosity. The presentation of Gold & silver implements in as sacred an activity as Kar-Sewa looks like blasphemy.

As a matter of principle one should make use of such events full of religious fervour, the true concepts (as given in Sri Guru Granth Sahib) of Sewa with heart & Soul (keeping the Maya out). I do not know what amends can be made but I am sure there are many ways to redeem such an inappropriate act. We leave to the Management.

*- Col. A.S. Rattan*

*Principal, Guru Nanak VBT Polythecnic*

## ਕਰਉ ਬੇਨੰਤੀਆ

# ਟਕਸਾਲੀ ਕੀਰਤਨ ਦੀ ਸੰਭਾਲ

ਦਿੱਲੀ ਵਿਖੇ ਮੇਰੇ ਬਜ਼ੁਰਗ ਮਿਹਰਬਾਨ ਹਨ ਸ੍ਰ. ਮਨਮੋਹਨ ਸਿੰਘ ਬਿੰਦਰਾ। ਉਨ੍ਹਾਂ ਨਾਲ ਪਹਿਲੀ ਮੁਲਾਕਾਤ ਤਾਂ ਪੰਜਾਬ ਐਂਡ ਸਿੰਧ ਬੈਂਕ ਵਲੋਂ ਬਣਾਈ ਇਕ ਕਮੇਟੀ ਦੀ ਮੀਟਿੰਗ ਵਿਚ ਹੋਈ ਸੀ। ਪੰਜਾਬ ਸਿੰਧ ਬੈਂਕ ਉਦੋਂ ਇਕ ਕੀਰਤਨ ਆਰਕਾਈਵਜ਼ ਬਣਾਉਣਾ ਚਾਹੁੰਦਾ ਸੀ। ਪਹਿਲਾਂ ਉਹਦਾ ਨਾਂ ਸਿੱਖ ਕੀਰਤਨ ਆਰਕਾਈਵਜ਼ ਰੱਖਿਆ। ਇਸ ਨਾਂ ਵਿਚੋਂ ਇਕ ਫਿਰਕੇ ਦੇ ਨਾਮ ਦਾ ਪ੍ਰਭਾਵ ਪੈਂਦਾ ਸੀ, ਫਿਰ ਇਸ ਦਾ ਨਾਂ ਡੀਵੋਸ਼ਨਲ ਮਿਊਜ਼ਿਕ ਆਰਕਾਈਵਜ਼ ਰੱਖਿਆ ਗਿਆ। ਉਦੋਂ ਬੜੇ ਵੱਡੇ ਵੱਡੇ ਇਰਾਦੇ ਕੀਤੇ ਗਏ ਸਨ ਕਿ ਟਕਸਾਲੀ ਕੀਰਤਨ ਕਰਵਾ ਕੇ ਉਸ ਦੀਆਂ ਕੈਸਟਾਂ ਇੰਜ ਵੰਡੀਆਂ ਜਾਣਗੀਆਂ ਜਿਵੇਂ ਬੈਂਕ ਕੈਲੰਡਰ ਜਾਂ ਡਾਇਰੀਆਂ ਵੰਡਦਾ ਹੈ। ਇਸ ਮੰਤਵ ਅਧੀਨ ਚਾਰ ਪੰਜ ਰਾਗੀ ਜਥਿਆਂ ਦੀਆਂ ਟੇਪਾਂ ਵੀ ਤਿਆਰ ਕਰਵਾਈਆਂ ਗਈਆਂ ਸਨ। ਬੈਂਕ ਨੇ ਤਾਂ ਉਹ ਟੇਪਾਂ ਰਿਲੀਜ਼ ਨਹੀਂ ਸੀ ਕੀਤੀਆਂ ਪਰ ਟੀ-ਸੀਰੀਜ਼ ਵਾਲਿਆਂ ਨੇ ਪਤਾ ਨਹੀਂ ਕਿਵੇਂ ਬੈਂਕ ਕੋਲੋਂ ਪ੍ਰਾਪਤ ਕਰਕੇ ਉਹ ਮਾਰਕੀਟ ਵਿਚ ਲੈ ਆਂਦੀਆਂ।

ਜਲੰਧਰ ਵਿਚ ਆਰਕਾਈਵਜ਼ ਵੀ ਬਣਾਇਆ ਗਿਆ। ਪੰਜਾਬ ਕੀਰਤਨ ਦਰਬਾਰ ਨਾਮਕ ਸੰਸਥਾ ਜੋ ਕਦੀ ਜਲੰਧਰ ਵਿਚ ਕੀਰਤਨ ਦਰਬਾਰ ਕਰਵਾਉਂਦੀ ਸੀ ਉਸ ਨੇ ਜ਼ਮੀਨ ਵੀ ਲਈ, ਛੋਟੀ ਮੋਟੀ ਬਿਲਡਿੰਗ ਵੀ ਬਣਾਈ। ਫਿਰ ਉਹ ਪੰਜਾਬ ਐਂਡ ਸਿੰਧ ਬੈਂਕ ਨੂੰ ਦਿੱਤੀ ਗਈ। ਖੈਰ ਇਹ ਵੱਡੀਆਂ ਵੱਡੀਆਂ ਗੱਲਾਂ ਸਾਡੇ ਜਿਹੇ ਅਲਪ ਬੁੱਧ ਵਾਲਿਆਂ ਦੇ ਪਲੇ ਨਹੀਂ ਪੈ ਸਕਦੀਆਂ। ਮੇਰਾ ਅਤੇ ਬਿੰਦਰਾ ਸਾਹਿਬ ਦਾ ਮਨੋਰਥ ਤਾਂ ਕੇਵਲ ਇਤਨਾ ਸੀ ਕਿ ਜਿਥੇ ਕਿਤੇ ਟਕਸਾਲੀ ਰਾਗੀਆਂ ਦੀਆਂ ਰਿਕਾਰਡਿੰਗਜ਼ ਪਈਆਂ ਹੋਣ ਉਨ੍ਹਾਂ ਨੂੰ ਆਧੁਨਿਕ ਜੰਤਰਾਂ ਨਾਲ ਸੰਭਾਲਿਆ ਜਾਵੇ ਅਤੇ ਸੰਗਤਾਂ ਤੱਕ ਲਾਗਤ ਮਾਤਰ ਭੇਟਾ 'ਤੇ ਪਹੁੰਚਾਇਆ ਜਾਵੇ ਤਾਂ ਜੋ ਟਕਸਾਲੀ ਕੀਰਤਨ ਸੁਣਨ ਲਈ ਰੁਚੀ ਕਾਇਮ ਰਹਿ ਸਕੇ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸੰਸਥਾਗਤ ਜਤਨ ਅਜੇ ਤੱਕ ਸਫਲ ਨਹੀਂ ਹੋਏ। ਜਦੋਂ ਕਿਤੇ ਇਹ ਜਤਨ ਸ਼ੁਰੂ ਹੁੰਦੇ ਹਨ ਕੁਝ ਸਮੇਂ ਬਾਅਦ ਦੁੱਧ ਵਿਚ ਐਸੀ ਕਾਂਜੀ ਪੈਂਦੀ ਹੈ ਕਿ ਸਾਰਾ ਪਤੀਲਾ ਹੀ ਖਰਾਬ ਹੋ ਜਾਂਦਾ ਹੈ। ਇਹ ਜਤਨ ਭਾਵੇਂ ਪੰਜਾਬ ਸਿੰਧ ਬੈਂਕ ਵਲੋਂ ਹੋਣ, ਭਾਵੇਂ ਜਵੱਦੀ ਕਲਾ ਟਕਸਾਲ ਵਲੋਂ, ਭਾਵੇਂ ਗੁਰੂ ਨਾਨਕ ਫਾਊਂਡੇਸ਼ਨ ਵਲੋਂ, ਭਾਵੇਂ ਆਨੰਦਪੁਰ ਸਾਹਿਬ ਫਾਊਂਡੇਸ਼ਨ ਵਲੋਂ।

ਇਹ ਕੁਝ ਵੇਖਦਿਆਂ ਹੁਣ ਸੰਸਥਾਵਾਂ ਬਣਾਉਣ ਜਾਂ ਸੰਸਥਾਵਾਂ ਨਾਲ ਜੁੜਨ ਤੋਂ ਡਰ ਜਿਹਾ ਲਗਦਾ ਹੈ।

ਪਿਛਲੇ ਦਿਨੀਂ ਡਿਫੈਂਸ ਕਾਲੋਨੀ ਦਿੱਲੀ ਗੁਰਦੁਆਰਾ ਸਾਹਿਬ ਕੀਰਤਨ ਕਰਨ ਗਿਆ ਤਾਂ ਸ੍ਰ. ਮਨਮੋਹਨ ਸਿੰਘ ਬਿੰਦਰਾ ਮਿਲੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਬਹੁਤ ਸਾਰੀ ਪੁਰਾਣੀ ਦੁਰਲਭ ਰਿਕਾਰਡਿੰਗ ਪਈ ਹੋਈ ਹੈ। ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਸੰਗਤਾਂ ਤੱਕ ਕਿਵੇਂ ਪਹੁੰਚਾਉਣ। ਉਨ੍ਹਾਂ ਮੈਨੂੰ ਸਵਾਲ ਕੀਤਾ। ਉਨ੍ਹਾਂ ਦੀ ਮੰਗ ਸੀ ਕਿ ਕੋਈ ਗੁਰਦੁਆਰਾ ਇਕ ਕਮਰਾ ਤੇ ਇਕ ਕੈਸਟ ਡੁਪਲੀਕੇਟਰ ਤੇ ਇਕ ਸਿਆਣੇ ਸੱਜਣ ਦਾ ਪ੍ਰਬੰਧ ਕਰ ਦੇਵੇ, ਜੋ ਸੰਗਤਾਂ ਦੀ ਮੰਗ ਅਨੁਸਾਰ ਪੁਰਾਣੇ ਰਾਗੀਆਂ ਦੀਆਂ ਟੇਪਾਂ ਰਿਕਾਰਡ ਕਰਕੇ ਦੇ ਦੇਵੇ ਤਾਂ ਉਹ ਆਪਣੀ ਰਿਕਾਰਡਿੰਗ ਉਸ ਗੁਰਦੁਆਰੇ ਨੂੰ ਦੇਣਗੇ।

ਉਨ੍ਹਾਂ ਕੋਲ ਭਾਈ ਜਸਵੰਤ ਸਿੰਘ, ਭਾਈ ਪਾਲ ਸਿੰਘ ਜੋ ਜੱਸਾ ਪਾਲਾ ਦੇ ਨਾਂ ਨਾਲ ਮਸ਼ਹੂਰ ਸਨ ਦੀ ਰਿਕਾਰਡਿੰਗ ਵੀ ਹੈ। ਮਾਸਟਰ ਮਦਨ ਦੇ ਸ਼ਬਦਾਂ ਦੀ ਰਿਕਾਰਡਿੰਗ ਵੀ ਹੈ।

ਵਿਅਕਤੀ ਸਾਰੀ ਉਮਰ ਜੋ ਉਹਨੂੰ ਚੰਗਾ ਲਗਦਾ ਹੈ ਇਕੱਠਾ ਕਰਦਾ ਰਹਿੰਦਾ ਹੈ। ਭਾਵੇਂ ਉਹ ਕੈਸਟਾਂ ਹੋਣ ਭਾਵੇਂ ਪੁਸਤਕਾਂ ਬਾਅਦ ਵਿਚ ਉਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਨਹੀਂ ਲਭਦਾ। ਪਰ ਇੱਛਾ ਤਾਂ ਹੁੰਦੀ ਹੈ ਜੋ ਕੁਝ ਅਸੀਂ ਇਕੱਠਾ ਕੀਤਾ ਉਸ ਤੋਂ ਆਮ ਲੋਕ ਲਾਭ ਲੈਣ। ਜੇ ਕੋਈ ਸੱਜਣ ਬਿੰਦਰਾ ਸਾਹਿਬ ਨੂੰ ਕੋਈ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਹਨਾਂ ਦਾ ਪਤਾ ਹੇਠ ਲਿਖਿਆ ਹੈ :

**S. Manmohan Singh Bindra**
R-158, Windsor Court
DLF Phase-2, Gurgaon (Haryana)
Phone: 01245044282
Mobile: 33447323

# ਜਿਸਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ

ਭਗਵੰਤ ਸਿੰਘ ਦਲਾਵਰੀ : ਤਪੋਵਨ ਅਮਰਾਵਤੀ 444 602 ਮਹਾਰਾਸ਼ਟਰਾ

ਜਦ ਗੁਰੂ ਸਾਹਿਬ ਇਹ ਕਹਿੰਦੇ ਹਨ ਤਾਂ ਇਹ ਪੂਰਨ ਸੱਚ ਤਾਂ ਹੈ ਹੀ ਪਰ ਜਦ ਮੈਂ ਆਪਣੇ ਜੀਵਨ ਵਿਚ ਵਿਛੋੜੇ ਦਾ ਸੱਲ ਮਹਿਸੂਸ ਕਰਦਾ ਹਾਂ ਤਾਂ ਇਹ ਸਚਾਈ ਉਭਰ ਕੇ ਬੋਲ ਉਠਦੀ ਹੈ "ਵਾਹਿਗੁਰੂ ਦੀ ਹਜ਼ੂਰੀ ਬਗੈਰ ਜੀਣ ਨਾਲੋਂ ਮਰ ਜਾਨਾ ਚੰਗਾ ਕਿਉਂਕਿ ਹਜ਼ੂਰੀ ਬਿਨਾ ਜੀਣਾ ਤਾਂ ਲਾਸ਼ ਦਾ ਸਾਹ ਲੈਣਾ ਹੈ।"

ਇਕੋ ਵਾਰ ਸਭ ਗੱਲਾਂ ਜੋ ਕਬੀਰ ਜੀ ਨੇ, ਰਵਿਦਾਸ ਜੀ ਨੇ, ਫਰੀਦ ਜੀ ਨੇ ਜਾਂ ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਹੀਆਂ ਹਨ ਸਾਹਮਣੇ ਆ ਜਾਂਦੀਆਂ ਹਨ। ਕਦੇ-ਕਦੇ ਮਨ ਕਰਦਾ ਹੈ ਰੋ-ਰੋ ਕੇ ਦਰਿਆ ਵਗਾ ਦਿਤੇ ਜਾਣ ਪਰ ਵਿਛੋੜਾ ਐਸਾ ਜਾਲਮ ਹੁੰਦਾ ਹੈ ਕਿ ਰੋਣ ਵੀ ਨਹੀਂ ਦੇਂਦਾ। ਗੁਰੂ ਸਾਹਿਬਾਨ ਤੇ ਭਗਤ ਜਨ ਤਾਂ ਵਿਛੋੜੇ ਵਿਚ ਵੀ ਹਜ਼ੂਰੀ ਦਾ ਰਸ ਪੀਂਦੇ ਹੋਣਗੇ ਪਰ ਮੈਂ ਜਦ ਵਿਛੜਿਆ ਮਹਿਸੂਸ ਕਰਦਾ ਹਾਂ ਤਾਂ ਜਰੂਰ ਜਾਪਦਾ ਹੈ ਕਿ ਮੈਂ ਕੋਈ ਕੁਕਰਮ ਕਰ ਬੈਠਾ ਹਾਂ ਜਿਸ ਕਰਕੇ ਗੁਰੂ ਮੇਰੇ ਤੋਂ ਲੁਕ ਕੇ ਬੈਠ ਗਏ ਹਨ। ਹੋਰ ਦੁਖੀ ਹੁੰਦਾ ਹਾਂ ਮਾਫੀ ਮੰਗਦਾ ਹਾਂ ਪਰ ਮੇਰੇ ਲਫਜ਼ਾਂ ਵਿਚ ਜਾਨ ਨਹੀਂ। ਬਾਣੀ ਪੜ੍ਹ ਕੇ ਹਜ਼ੂਰੀ ਲੋਚਦਾ ਹਾਂ ਤਾਂ ਵੀ ਹਜ਼ੂਰੀ ਪਰਗਟ ਨਹੀਂ ਹੁੰਦੀ। ਸੰਗਤ ਹੁੰਦੀ ਨਹੀਂ ਜਿੱਥੇ ਮੈਂ ਆਪਣਾ ਦੁਖੜਾ ਰੋ ਕੇ ਗੁਰਸ਼ਬਦ ਰਾਹੀਂ ਫਿਰ ਮਿਲ ਪਾਵਾਂ। ਇਹ ਲਿਖ ਵੀ ਬੜੀ ਕੋਸ਼ਿਸ਼ ਨਾਲ ਰਿਹਾ ਹਾਂ ਲਿਖਣ ਤੇ ਵੀ ਦਿਲ ਨਹੀਂ ਕਰਦਾ। ਇਕ ਅਗੰਮੀ ਉਦਾਸੀ ਛਾ ਗਈ ਹੈ. ਅੰਮਿਤ ਵੇਲੇ ਵੀ ਹਜ਼ੂਰੀ ਨਹੀਂ ਮਾਣ ਸਕਦਾ। ਸ਼ਬਦ ਪੜਦਾ ਹਾਂ ਰਵਿਦਾਸ ਜੀ ਦਾ- *"ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥"* (ਪੰਨਾ 486) ਪ੍ਰੇਮ ਦੀ ਹਦ ਸਮਝਣ ਦੀ ਕੋਸ਼ਿਸ਼ ਕਰਦਾ ਹਾਂ, ਭਗਤ ਜੀ ਤਨ ਦੇ ਟੁਕੜੇ ਟੁਕੜੇ ਹੋਣਾ ਕਬੂਲ ਕਰਦੇ ਹਨ ਪਰ ਡਰਦੇ ਹਨ ਪ੍ਰੇਮ ਟੁਟਣ ਤੋਂ। ਤੇ ਮੈਂ ਬਦਕਿਸਮਤ ਚਾਹੁੰਦਿਆਂ ਹੋਇਆ ਵੀ ਹਜ਼ੂਰੀ ਮਹਿਸੂਸ ਨਹੀਂ ਕਰਦਾ। ਜੀ ਕਰਦਾ ਹੈ ਮਰ ਜਾਵਾਂ ਪਰ ਉਹ ਵੀ ਤਾਂ ਮੇਰੇ ਹੱਥ ਵਿਚ ਨਹੀਂ। ਕਬੀਰ ਜੀ ਦੇ ਚਰਨ ਪਕੜ ਕੇ ਕਹਿੰਦਾ ਹਾਂ ਪ੍ਰਭੂ ਨੂੰ- *"ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥"* (ਪੰਨਾ 484) ਫੇਰ ਵੀ ਮੇਰੇ ਕਲੇਜੇ ਵਿਚੋਂ ਉਹ ਦਰਦ ਨਹੀਂ ਉਪਜਦਾ। ਅਥਰੂ ਨਹੀਂ ਨਿਕਲਦੇ ਜਿਸ ਕਰਕੇ ਮਾਯੂਸ ਹੋ ਜਾਂਦਾ ਹਾਂ। ਕੀ ਮੇਰਾ-ਤੇਰਾ ਪਿਆਰ ਖਤਮ? ਕੀ ਤੂੰ ਜਿਹੜਾ ਪਿਆਰ ਆਪੇ ਲਾਇਆ ਸੀ ਉਹ ਵਾਪਸ ਲੈ ਲਇਆ ਈ, ਪਰ ਆਪ ਤਾਂ ਕਹਿੰਦਾ ਸੈਂ, *"ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ"* (ਪੰਨਾ 249), ਕੀ ਕਦੇ ਵਸ ਆਇਆ ਹੀ ਨਹੀਂ ਸੀ? ਕੀ ਤੂੰ ਕਦੇ ਪਿਆਰ ਕੀਤਾ ਹੀ ਨਹੀ ਸੀ? ਕੀ ਤੇਰੇ ਚਰਨਾਂ ਦੇ ਝੂਟੇ ਜੋ ਮੈਂ ਕਈ ਸਾਲਾਂ ਤੋਂ ਮਾਣ ਰਿਹਾਂ ਹਾਂ, ਇਕ ਸੁਪਨਾ ਹੀ ਸਨ। ਜਾਂ ਮੈਂ ਆਪਣੇ ਕੁਕਰਮਾਂ ਕਰਕੇ ਤੇਰੀਆਂ ਨਜ਼ਰਾਂ ਤੋਂ ਹਟ ਗਿਆ ਹਾਂ, ਪਰ ਤੂੰ ਤਾਂ ਕਈ ਵਾਰ ਹੌਸਲਾ ਦਿੱਤਾ ਸੀ- *"ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ"* (ਪੰਨਾ 670) ਜਾਂ ਫਿਰ ਕੀ ਤੂੰ ਨਿਰਣਾ ਲੈ ਲਿਆ ਹੈ ਕਿ ਮੈਂ ਨਾਮ ਨਹੀਂ ਜਪਦਾ ਤੇ ਨਾਮ ਜਪਣ ਦਾ ਪਖੰਡ ਹੀ ਕਰਦਾ ਰਿਹਾ ਹਾਂ, ਜਾਂ ਫਿਰ ਕੋਈ ਵੱਡਾ ਪਾਪ ਕਰ ਬੈਠਾ ਹਾਂ ਜਿਸਦੀ ਮੈਨੂੰ ਆਪ ਸਮਝ ਨਹੀ ਪਰ ਇਹ ਹਾਲਤ ਵੀ ਤੂੰ ਆਪਣੀ ਰਹਿਮਤ ਨਾਲ ਸੋਚੀ ਹੋਈ ਹੈ। ਤੂੰ ਕਿਹਾ ਸੀ- *"ਪਰਬਤ ਦੋਖ ਮਹਾ ਬਿਕਰਾਲਾ॥ ਖਿਨ ਮਹਿ ਦੂਰਿ ਕੀਏ ਦਇਆਲਾ॥"* (ਪੰਨਾ 742) ਇਹ ਤਾਂ ਹੋ ਹੀ ਨਹੀ ਸਕਦਾ ਕਿ ਤੂੰ ਦਿਆਲੂ ਨਹੀ ਤੇ ਨ ਹੀ ਇਹ ਹੋ ਸਕਦਾ ਕਿ "ਦੇਹ ਨ ਪਛੋਤਾਇ" ਦੀ ਉਲੰਘਣਾ ਕਰ ਸਕਦਾ ਹੈ, ਸਾਡੀ ਹਾਲਤ ਤਾਂ ਤੂ ਆਪ ਲਿਖੀ ਸੀ- *"ਹਮਰੋ ਸੁਭਾਉ ਸਦਾ ਸਦ ਭੂਲਨ"* (ਪੰਨਾ 828), ਨਾਲੇ ਫਿਰ ਇਹ ਵੀ ਪੱਕਾ ਸੀ ਕਿ ਰਵਿਦਾਸ ਜੀ ਦੇ ਲਫਜ਼ਾਂ ਵਿਚ ਮੈਨੂੰ ਕਦੇ ਇਹ ਖਿਆਲ ਨਹੀਂ ਸੀ ਆਇਆ ਕਿ ਮੈਂ ਤੇਰੇ ਇਮਤਿਹਾਨ ਦੇਣ ਜੋਗਾ ਹੋ ਜਾਵਾਂਗਾ। ਮੈਂ ਮੰਨਦਾ ਤੇ ਕਹਿੰਦਾ ਰਿਹਾ ਹਾਂ- *"ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ"* (ਪੰਨਾ 694), ਫਿਰ ਮੈਂ ਲਿਲਕਾਂ ਲੈਂਦਾ ਹਾਂ- *"ਕਾਰਨ ਕਵਨ ਅਬੋਲ"* (ਪੰਨਾ 694)

ਤੜਫਦਾ ਹਾਂ ਤੇਰੇ ਨਾ ਬੋਲਣ ਤੋਂ ਪਰ ਇਹ ਤੜਪਣ ਨਾ ਤਾਂ ਅਥਰੂ ਪੈਦਾ ਕਰਦੀ ਹੈ ਤੇ ਨ ਚੀਕਾਂ ਮਾਰ ਸਕਦਾ ਹਾਂ, ਉਦਾਸ ਹਾਂ, ਪਰੇਸ਼ਾਨ ਹਾਂ ਤੇ ਸਖਤ ਮਾਯੂਸ ਵੀ ਹਾਂ।

ਫਿਰ ਬਾਬਾ ਫਰੀਦ ਜੀ ਵਾਂਗ ਸੋਚਣ ਲੱਗ ਜਾਂਦਾ ਹਾਂ। ਜੇ ਮੈਂ ਇਤਨਾ ਪਰੇਸ਼ਾਨ ਹਾਂ ਤਾਂ ਜਿਹੜੇ ਤੈਨੂੰ ਜਾਣਦੇ ਹੀ ਨਹੀਂ ਉਹ ਕਿਵੇਂ ਜੀਂਵਦੇ ਹਨ- *"ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥ ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥"* (ਪੰਨਾ 1379)। ਵੈਸੇ ਤਾਂ ਜਦੋਂ ਵੀ ਤੂੰ ਮੈਨੂੰ ਆਪਣੇ ਚਰਨਾਂ ਵਿਚ ਥਾਂ ਦਿੱਤੀ ਹੈ ਮੈਂ ਇਹੋ ਸੋਚਦਾ ਹਾਂ ਕਿ ਤੂੰ ਮੈਨੂੰ ਕਦੇ ਨਹੀਂ ਛੱਡੇਗਾਂ ਤੇ ਅਜੇ ਵੀ ਇਹੋ ਖਿਆਲ ਲਈ ਬੈਠਾ ਹਾਂ ਪਰ ਇਹ ਜਿਹੜਾ ਵਿਛੋੜੇ ਦਾ ਸਮਾਂ ਹੈ, ਲੰਘਾਣਾ ਬਹੁਤ ਹੀ ਅਉਖਾ ਲੱਗ ਰਿਹਾ ਹੈ। ਕਦੇ ਤਾਂ ਲੱਗਦਾ ਹੈ ਸਾਹ ਹੀ ਨਿਕਲ ਜਾਏਗਾ, ਤਾਂ ਫਿਰ ਸਦਨਾ ਜੀ ਦੀ ਬੇਨਤੀ ਯਾਦ ਆਉਂਦੀ ਹੈ - *"ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥"* (ਪੰਨਾ 858)

ਇਕ ਭੇਖੀ ਜਿਹੜਾ ਇਕ ਰਾਜੇ ਦੀ ਕੁੜੀ ਨਾਲ ਵਿਆਹ ਕਰਾਉਣ ਲਈ ਸੁਆਰਥ ਤੇ ਕਾਮ ਲਾਲਸਾ ਵਿਚ ਭੇਖ ਧਾਰ ਕੇ ਬਹਿ ਗਿਆ ਸੀ ਉਹਦੀ ਵੀ ਤੂੰ ਲਾਜ ਰੱਖੀ ਸੀ, ਫਿਰ ਮੇਰੀ ਕਿਉਂ ਨਹੀਂ?

ਫਿਰ ਸਾਹਿਬਾ ਤੂੰ ਤਾਂ ਸ਼ੇਰ ਹੈਂ ਤੇ ਜੇ ਆਪਣੇ ਕੁਕਰਮਾਂ (ਜਿਹੜੇ ਗਿੱਦੜ ਹਨ) ਤੋਂ ਜਾਨ ਨਹੀਂ ਛੁਟਦੀ ਤਾਂ ਸ਼ੇਰ ਦੀ ਸ਼ਰਨ ਦਾ ਕੀ ਗੁਣ?

ਮੈਨੂੰ ਪਤਾ ਹੈ ਤੂੰ ਮੇਰੀ ਲਾਜ ਰੱਖੇਗਾਂ ਪਰ ਜੇ ਤੂੰ ਉਦੋਂ ਕਿਸ਼ਤੀ ਭੇਜੀ ਜਦੋਂ ਮੈਂ ਡੁਬ ਚੁੱਕਾ ਹੋਵਾਂਗਾ ਤਾਂ ਕੀ ਫਾਇਦਾ?

ਫਿਰ ਜੇ ਮੈਂ ਇਕ ਬੂੰਦ ਲਈ ਤਰਸਦਾ ਮਰ ਗਿਆ ਤਾਂ ਮਰਨ ਬਾਅਦ ਸਾਗਰ ਵੀ ਆ ਗਿਆ ਤਾਂ ਕੀ ਲਾਭ?

ਇਸ ਲਈ ਮੰਨਦਾ ਹਾਂ ਕਿ ਮੈ ਕੁਝ ਨਹੀਂ, ਨ ਮੇਰੀ ਕੋਈ ਵੁਅਕਤ ਹੈ ਤੇ ਨਾ ਹੀ ਮੇਰਾ ਕੁਛ ਹੈ, ਕਿਰਪਾ ਕਰ ਹੁਣ ਮੇਰੀ ਲਾਜ ਰੱਖ ਲੈ, ਇਸ ਵਾਰ ਭਵਜਲ ਤੋਂ ਕੱਢ ਲੈ ਕਿਉਂਕਿ ਮੈਂ ਤੇਰਾ ਨੌਕਰ ਹਾਂ।

ਕਈ ਵਾਰ ਤਾਂ ਇਹ ਸ਼ਬਦ ਗਾ-ਗਾ ਕੇ ਰੋਂਦਾ ਹਾਂ ਤੇ ਹੁਣ ਇਹ ਲਿਖਦਿਆਂ ਵੀ ਅਥਰੂ ਨਹੀਂ ਵਗਦੇ। ਜਦ ਇਹ ਵੀ ਪੜ੍ਹਦਾ ਹਾਂ ਤੇ ਅਸਲੀਅਤ ਇਹੋ ਹੈ ਕਿ ਮੈਂ ਤੇਰੇ ਬਿਨਾਂ ਰਹਿ ਨਹੀ ਸਕਦਾ, ਪਰ ਅਥਰੂ ਨਹੀਂ ਵਗਦੇ, *"ਹਉ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥"*.... (ਪੰਨਾ 94)

ਲੈ ਮੇਰੀਆਂ ਬੇਨਤੀਆਂ ਸੁਣ ਤੇ ਇਹ ਮੇਰੇ ਕਲੇਜੇ ਵਿਚੋਂ ਨਿਕਲ ਰਹੀਆਂ ਹਨ। ਭਾਵੇਂ ਅਥਰੂ ਨਹੀਂ ਵਗਦੇ ਮੈਂ ਅਤਿਅੰਤ ਉਦਾਸ ਹਾਂ।

*"ਕਹੁ ਰਵਿਦਾਸ ਪਰਉ ਤੇਰੀ ਸਾਭਾ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥"* (ਪੰਨਾ 345) -ਤੇਰੀ ਸ਼ਰਨ ਆਇਆ ਹਾਂ, ਛੇਤੀ ਮਿਲ ਦੇਰ ਨ ਕਰ।

*"ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥"* (ਪੰਨਾ 484) -ਜੇ ਪਿਠ ਹੀ ਦੇਣੀ ਹੈ ਤਾਂ ਛੁਰੀ ਮਾਰ ਦੇ, ਮੇਰੀਆਂ ਚੀਕਾਂ ਸੁਣਕੇ ਮੇਰੇ ਗਲੇ ਲੱਗ ਜਾ।

*"ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥"* (ਪੰਨਾ 21) -ਇਕੁ ਪਲ ਵਿਸਰਦਾ ਹਾਂ ਤਾਂ ਵਡਾ ਰੋਗੀ ਬਣ ਜਾਂਦਾ ਹਾਂ, ਰੋਗੁ ਤੋਂ ਛੁਡਾ।

*"ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥"* (ਪੰਨਾ 761) -ਤੂੰ ਅੰਦਰ ਵਸਦਾ ਹੈਂ ਕੇਵਲ ਤਾਂ ਹੀ ਮੈਂ ਸੁਖੀ ਹਾਂ, ਮੇਰੀ ਨਿਮਾਣੀ ਦਾ ਹੋਰ ਕੋਈ ਮਾਣ ਨਹੀਂ।

ਸਾਹਿਬਾ, ਕਿਸੇ ਦਾ ਕੋਈ ਨਾ ਕੋਈ ਹੋਵੇਗਾ, ਮੇਰਾ ਕੋਈ ਵੀ ਨਹੀਂ। ਤੇਰੇ ਸਿਵਾ ਮੇਰਾ ਕੋਈ ਨਹੀਂ ਤੇ ਜੇ ਤੂੰ ਵੀ ਵਿਸਾਰ ਦਿੱਤਾ ਤਾਂ ਮੈਂ ਚੁੜ-ਚੁੜ ਕੇ ਮਰ ਜਾਵਾਂਗਾ- *"ਤੂ ਚਉ ਸਜਣ ਮੈਡਿਆ... ਡੇਈ ਸਿਸੁ ਉਤਾਰਿ"* (ਪੰਨਾ 1094), ਪਰ ਮੈਂ ਤਾਂ ਇਹ ਪੜਣ ਜੋਗਾ ਵੀ ਨਹੀਂ, ਮੈਂ ਤਾਂ ਲਾਸ਼ ਬਣ ਚੁੱਕਾ ਹਾਂ, ਲੱਗਦਾ ਹੈ ਇਹ ਬੇਨਤੀਆਂ ਵੀ ਲਾਸ਼ ਹੀ ਕਰ ਰਹੀ ਹੈ। ਮੈਨੂੰ ਕੋਈ ਹੋਸ਼ ਨਹੀ, ਨਾ ਰੰਗ ਹੈ, ਨਾ ਅਕਲ, ਬਸ ਇਹੋ ਅਰਦਾਸ ਹੈ- *"ਮੋਹਿ ਪਰਦੇਸਨਿ ਦੂਰ ਤੇ ਆਈ॥ ਮੋਹਿ ਅਨਾਥ ਕੀ ਕਰਹੁ ਸਮਾਈ"* (ਪੰਨਾ 204)। ਭਾਈ ਗੁਰਦਾਸ ਜੀ ਨੇ ਕਿਹਾ ਸੀ- *ਤੋ ਸੋ ਨ ਨਾਥ ਅਨਾਥ ਨ ਮੋ ਸਰਿ ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ"* (ਸਵੈਯਾ 528), ਭਿਖਾਰੀ ਦੀ ਝੋਲੀ ਭਰ ਦੇ ਹਜ਼ੂਰੀ ਨਾਲ, *"ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ"* (ਪੰਨਾ 731), ਇਹ ਵਿਛੋੜਾ ਸਹਿਆ ਨ ਜਾਇ।

# ਆਵਾਜ਼ ਬਾਰੇ

ਸ਼ੇਖ ਸਾਅਦੀ : ਪੁਸਤਕ 'ਗੁਲਿਸਤਾਂ-ਬੋਸਤਾਂ' ਵਿਚੋਂ

ਕਹਾਣੀ- ਇਕ ਭੈੜੀ ਆਵਾਜ਼ ਵਾਲਾ ਪ੍ਰਚਾਰਕ ਆਪਣੇ ਆਪ ਨੂੰ ਲੁਭਾਉਣੀ ਆਵਾਜ਼ ਵਾਲਾ ਸਮਝਦਾ ਸੀ ਅਤੇ ਬੇਫਾਇਦਾ ਰੌਲਾ ਪਾਉਂਦਾ। ਉਸ ਦੀ ਆਵਾਜ਼ ਸੁਣਕੇ ਤੂੰ ਇਹ ਕਹੇਂਗਾ, ਵਿਛੋੜੇ ਦੇ ਕਾਂ ਦੀ ਆਵਾਜ਼ ਉਸ ਦੇ ਸੰਘ ਦੇ ਪਰਦੇ ਵਿਚ ਹੈ। ਜਾਂ ਇਹ ਆਇਤ "ਸੁਣ ਕਿ ਉਸ ਦੀ ਸਭ ਤੋਂ ਭੈੜੀ ਆਵਾਜ਼ ਹੈ", ਉਸ ਦੀ ਸ਼ਾਨ ਵਿਚ ਉੱਕੀ ਹੀ ਠੀਕ ਹੈ।

ਜਦ ਅਬੁਲਫਵਾਰਸ ਖੋਤੇ ਦੀ ਤਰ੍ਹਾਂ ਹਿਣਕਦਾ ਹੈ ਤਾਂ ਉਸਦੀ ਆਵਾਜ਼ ਫਾਰਸ ਦੇ ਕਿਲੇ ਇਸਤਖਰ ਨੂੰ ਹੇਠਾਂ ਸਿੱਟ ਦਿੰਦੀ ਹੈ।

ਉਸ ਪਿੰਡ ਦੇ ਵਾਸੀ, ਉਸ ਦੀ ਪਦਵੀ, ਜਿਸ ਉੱਤੇ ਉਹ ਨਿਯਤ ਸੀ ਦੇ ਕਾਰਣ ਉਸ ਦੇ ਕਸ਼ਟਾਂ ਨੂੰ ਝੱਲਦੇ ਰਹੇ ਅਤੇ ਉਸ ਦੇ ਦਿੱਤੇ ਕਸ਼ਟਾਂ ਵਿਚੋਂ ਚੰਗਿਆਈ ਨਹੀਂ ਸਨ ਵੇਖਦੇ। ਏਥੇ ਤੀਕ ਕਿ ਉਸ ਦੇਸ਼ ਦੇ ਪ੍ਰਚਾਰਕਾਂ ਵਿਚੋਂ ਇਕ, ਜੋ ਉਸ ਨਾਲ ਵੈਰ ਰੱਖਦਾ ਸੀ ਇਕ ਵਾਰ ਉਸ ਨੂੰ ਪੁੱਛਣ ਆਇਆ। ਉਸ ਨੇ ਕਿਹਾ ਕਿ ਮੈਂ ਤੈਨੂੰ ਸੁਪਨੇ ਵਿਚ ਵੇਖਿਆ ਪ੍ਰਮਾਤਮਾ ਭਲੀ ਕਰੇ ਤੂੰ ਕੀ ਵੇਖਿਆ? ਉਸ ਨੇ ਉੱਤਰ ਦਿੱਤਾ ਮੈਂ ਅਜਿਹਾ ਵੇਖਿਆ ਕਿ ਤੇਰੀ ਆਵਾਜ਼ ਬਹੁਤ ਚੰਗੀ ਹੈ ਅਤੇ ਲੋਕ ਤੇਰੀ ਜ਼ਾਤ ਤੋਂ ਆਰਾਮ ਵਿਚ ਹਨ। ਪ੍ਰਚਾਰਕ ਨੇ ਇਸ ਬਾਰੇ ਥੋੜਾ ਜਿਹਾ ਸੋਚਿਆ ਅਤੇ ਕਿਹਾ ਕਿ ਪ੍ਰਮਾਤਮਾ ਤੈਨੂੰ ਸ਼ੁਭ ਬਦਲਾ ਦੇਵੇ। ਇਹ ਬਹੁਤ ਹੀ ਸੋਹਣਾ ਸੁਪਨਾ ਹੈ ਜੋ ਤੂੰ ਵੇਖਿਆ ਕਿ ਤੂੰ ਮੈਨੂੰ ਆਪਣੇ ਔਗਣਾਂ ਤੋਂ ਗਿਆਤ ਦੇ ਦਿੱਤੀ। ਪਤਾ ਲੱਗਾ ਕਿ ਮੇਰੀ ਆਵਾਜ਼ ਭੈੜੀ ਹੈ ਅਤੇ ਲੋਕ ਮੇਰੇ ਉੱਚੇ ਉੱਚੇ ਪੜ੍ਹਨ ਤੋਂ ਦੁਖੀ ਹਨ। ਮੈਂ ਪ੍ਰਣ ਕਰਦਾ ਹਾਂ ਕਿ ਇਸ ਤੋਂ ਮਗਰੋਂ ਨੀਵੀਂ ਆਵਾਜ਼ ਤੋਂ ਬਿਨਾਂ ਪ੍ਰਚਾਰ ਨਹੀਂ ਕਰਾਂਗਾ।

ਕਿਤਾ- ਮੈਂ ਆਪਣੇ ਉਸ ਮਿੱਤਰ ਦੀ ਸੰਗਤ ਤੋਂ ਦੁਖੀ ਹਾਂ, ਜੋ ਮੇਰੇ ਭੈੜੇ ਆਚਾਰ ਨੂੰ ਚੰਗਾ ਪ੍ਰਗਟਾਏ, ਜੋ ਮੇਰੇ ਔਗਣਾਂ ਨੂੰ ਹੁਨਰ ਅਤੇ ਉੱਚਾ ਗੁਣ ਦੇਖੇ, ਅਤੇ ਜੋ ਮੇਰੇ ਕੰਡਿਆਂ ਨੂੰ ਫੁੱਲ ਅਤੇ ਚੰਮੇਲੀ ਪ੍ਰਗਟਾਏ। ਉਹ ਬੇਸ਼ਰਮ ਅਤੇ ਨਿਡਰ ਵੈਰੀ ਕਿੱਥੇ ਹੈ? ਜੋ ਮੇਰੇ ਘਾਟੇ ਮੈਨੂੰ ਦੱਸੇ।

ਫਰਦ- ਉਹ ਪੁਰਸ਼ ਜਿਸ ਦੇ ਅੱਗੇ ਉਸ ਦਾ ਔਗੁਣ ਨਹੀਂ ਦੱਸਦੇ ਉਹ ਅਗਿਆਨਤਾ ਦੇ ਕਾਰਣ ਆਪਣੇ ਔਗੁਣ ਨੂੰ ਹੁਨਰ ਜਾਣੇਗਾ।

ਕਹਾਣੀ- ਇਕ ਪੁਰਸ਼ ਸੰਜਰ ਦੀ ਮਸੀਤ ਵਿਚ ਇਸ ਤਰ੍ਹਾਂ ਬਾਂਗ ਦਿੰਦਾ ਸੀ ਕਿ ਸਰੋਤਿਆਂ ਨੂੰ ਉਸ ਤੋਂ ਘਿਰਣਾ ਹੋ ਜਾਂਦੀ ਸੀ। ਮਸੀਤ ਦਾ ਮਾਲਕ ਅਮੀਰ ਸੀ ਜੋ ਚੰਗੇ ਸੁਭਾਅ ਦਾ ਅਤੇ ਨਿਆਇਸ਼ੀਲ ਸੀ। ਉਹ ਨਹੀਂ ਸੀ ਚਾਹੁੰਦਾ ਕਿ ਬਾਂਗੀ ਦੇ ਦਿਲ ਨੂੰ ਦੁੱਖ ਹੋਵੇ। ਅਮੀਰ ਨੇ ਕਿਹਾ ਕਿ ਹੇ ਭਲੇ ਪੁਰਸ਼! ਜਿਹੜੇ ਇਸ ਮਸੀਤ ਦੇ ਪੁਰਾਣੇ ਬਾਂਗੀ ਹਨ ਉਨ੍ਹਾਂ ਵਿਚੋਂ ਹਰ ਇਕ ਦੀ ਮੈਂ ਪੰਜ ਦੀਨਾਰ ਮਹੀਨਾ ਤਲਬ ਨਿਯਤ ਕੀਤੀ ਹੋਈ ਹੈ। ਮੈਂ ਤੈਨੂੰ ਦਸ ਦੀਨਾਰ ਦਿੰਦਾ ਹਾਂ ਕਿ ਤੂੰ ਹੋਰ ਥਾਂ ਚਲਿਆ ਜਾ। ਉਸ ਨੇ ਇਹ ਬਚਨ ਮੰਨ ਲਿਆ ਅਤੇ ਚਲਾ ਗਿਆ, ਕੁਝ ਸਮੇਂ ਉਪਰੰਤ ਉਹ ਉਸ ਅਮੀਰ ਨੂੰ ਬੀਹੀ ਵਿਚ ਮਿਲਿਆ ਅਤੇ ਕਿਹਾ ਕਿ ਹੇ ਮਾਲਕ! ਤੂੰ ਮੇਰੇ ਨਾਲ ਨਿਆਇ ਨਹੀਂ ਕੀਤਾ ਕਿ ਦਸ ਦੀਨਾਰ ਦੇ ਕੇ ਮੈਨੂੰ ਉਸ ਸਥਾਨੋਂ ਬਾਹਰ ਕਰ ਦਿੱਤਾ, ਕਿਉਂਕਿ ਜਿੱਥੇ ਮੈਂ ਗਿਆ ਹਾਂ, ਉਹ ਮੈਨੂੰ ਵੀਹ ਦੀਨਾਰ ਦਿੰਦੇ ਹਨ ਕਿ ਮੈਂ ਉਥੋਂ ਚਲਾ ਜਾਵਾਂ, ਪਰ ਮੈਂ ਪਰਵਾਨ ਨਹੀਂ ਕਰਦਾ। ਅਮੀਰ ਹੱਸਿਆ ਅਤੇ ਉਸ ਨੇ ਕਿਹਾ ਕਿ ਇਹ ਰਕਮ ਪਰਵਾਨ ਨਾ ਕਰੀਂ, ਉਹ ਤੈਨੂੰ ਪੰਜਾਹ ਦੀਨਾਰ ਦੇਣ ਲਈ ਤਿਆਰ ਹੋ ਜਾਣਗੇ।

ਸ਼ਿਅਰ- ਕੋਈ ਆਦਮੀ ਤੇਸ਼ੇ ਨਾਲ ਪੱਥਰ ਉੱਤੋਂ ਮਿੱਟੀ ਨਹੀਂ ਛਿੱਲਦਾ, ਜਿਸ ਤਰ੍ਹਾਂ ਕਿ ਤੇਰੀ ਬਾਂਗ ਦਿਲ ਨੂੰ ਛਿੱਲਦੀ ਹੈ।

ਕਹਾਣੀ- ਇਕ ਭੈੜੀ ਆਵਾਜ਼ ਵਾਲਾ ਮਨੁੱਖ ਉੱਚੀ ਆਵਾਜ਼ ਵਿਚ ਕੁਰਾਨ ਪੜ੍ਹਦਾ ਸੀ। ਇਕ ਪਵਿੱਤਰ ਪੁਰਸ਼ ਉਸ ਕੋਲੋਂ ਲੰਘਿਆ ਅਤੇ ਉਸ ਨੇ ਪੁੱਛਿਆ ਕਿ ਤੇਰੀ ਮਾਸਿਕ ਤਨਖਾਹ ਕੀ ਹੈ? ਉਸ ਨੇ ਉੱਤਰ ਦਿੱਤਾ, ਕੁਝ ਨਹੀਂ। ਉਸ ਨੇ ਕਿਹਾ ਕਿ ਫੇਰ ਤੂੰ ਕਿਸ ਲਈ ਆਪਣੇ ਆਪ ਨੂੰ ਕਸ਼ਟ ਦਿੰਦਾ ਹੈਂ। ਉਸ ਨੇ ਕਿਹਾ ਕਿ ਮੈਂ ਪ੍ਰਮਾਤਮਾ ਦੇ ਨਮਿੱਤ ਪੜ੍ਹਦਾ ਹਾਂ। ਉਸ ਨੇ ਕਿਹਾ ਕਿ ਪ੍ਰਮਾਤਮਾ ਲਈ ਫੇਰ ਨਾ ਪੜ੍ਹਨਾ।

ਬੈਂਤ- ਜੇ ਤੂੰ ਕੁਰਾਨ ਇਸ ਤਰ੍ਹਾਂ ਪੜ੍ਹਦਾ ਹੈਂ,
ਤੂੰ ਮੁਸਲਮਾਨਾਂ ਦੀ ਰੌਣਕ ਨਸ਼ਟ ਕਰਦਾ ਹੈਂ।

## ਭੇਂਟ ਵਾਰਤਾ

ਵਾਰਤਾਕਾਰ ਪ੍ਰੋ. ਜਯੋਤੀ ਕੌਰ : ਸੰਗੀਤ ਵਿਭਾਗ, ਰਾਮਗੜ੍ਹੀਆ ਗਰਲਜ਼ ਕਾਲਜ, ਮਿਲਰ ਗੰਜ, ਲੁਧਿਆਣਾ

# ਗੁਰਮਤਿ ਸੰਗੀਤ ਦੇ ਪ੍ਰਬੀਨ ਉਸਤਾਦ ਪ੍ਰੋਫੈਸਰ ਕਰਤਾਰ ਸਿੰਘ (ਲੁਧਿਆਣਾ) ਨਾਲ

☛ *ਪ੍ਰੋ. ਸਾਹਿਬ ਜੀ ਤੁਸੀਂ ਆਪਣੇ ਬਚਪਨ ਸੰਬੰਧੀ ਸੰਖੇਪ ਜਾਣਕਾਰੀ ਦੇਣ ਦੀ ਕਿਰਪਾ ਕਰੋ ਜੀ?*

ਬਚਪਨ ਬਹੁਤ ਕੁਝ ਯਾਦ ਨਹੀਂ ਪਰ ਇਹ ਮੈਨੂੰ ਪਤਾ ਹੈ ਕਿ ਜ਼ਿਲ੍ਹਾ ਲਾਹੌਰ ਵਿਚ ਘੁੰਮਣਕੇ ਪਿੰਡ ਵਿਚ ਮੇਰਾ ਜਨਮ ਹੋਇਆ ਤੇ ਉਥੋਂ ਦੋ ਕੋਹ (ਤਿੰਨ ਮੀਲ) ਦੀ ਦੂਰੀ ਤੇ ਬਘਿਆਣਾ ਕਲਾ ਲੋਅਰ ਮਿਡਲ ਸਕੂਲ ਵਿਚ ਮੈਂ ਹੋਰ ਬੱਚਿਆ ਨਾਲ ਪੈਦਲ ਪੜ੍ਹਨ ਜਾਂਦਾ ਸੀ। ਮੇਰੇ ਮਾਤਾ ਜੀ ਦਾ ਨਾਮ ਹਰਨਾਮ ਕੌਰ ਤੇ ਪਿਤਾ ਜੀ ਦਾ ਨਾਮ ਸਰਦਾਰ ਅਤਰ ਸਿੰਘ ਹੈ। ਪੜ੍ਹਾਈ ਵਿਚ ਮੈਂ ਆਮ ਵਿਦਿਆਰਥੀਆਂ ਵਰਗਾ ਹੀ ਹਾਂ ਪਰ ਸਕੂਲ ਵਿਚ ਸਮੇਂ ਸਿਰ ਜਾਣ ਤੋਂ ਕੋਤਾਹੀ ਕਦੇ ਨਹੀਂ ਸੀ ਕਰਦਾ। ਜਦੋਂ ਮੈਂ ਚੌਥੀ ਜਮਾਤ ਵਿਚ ਸੀ ਤਾਂ ਮੇਰੇ ਅਧਿਆਪਕ ਮਾਸਟਰ ਕੁੰਦਨ ਲਾਲ ਤੇ ਮਾਸਟਰ ਦੀਨ ਮਹੰਮਦ ਨੇ ਮੈਨੂੰ ਯੋਗ ਸਮਝ ਕੇ ਵਜ਼ੀਫੇ ਦਾ ਇਮਤਿਹਾਨ ਦਿਵਾਉਣ ਲਈ ਭੇਜ ਦਿੱਤਾ। ਤਿੰਨ ਮਹੀਨੇ ਬਾਅਦ ਜਦੋਂ ਨਤੀਜਾ ਨਿਕਲਿਆ ਤਾਂ ਉਸ ਸੂਚੀ ਵਿਚ ਸਾਡੇ ਸਕੂਲ ਦੇ ਦੋ ਬੱਚੇ ਸਨ ਜਿਹਨਾਂ ਵਿਚੋਂ ਇਕ ਮੈਂ ਸਾਂ। ਇਹ ਵਜ਼ੀਫਾ ਚਾਰ ਰੁਪਏ ਮਹੀਨਾ ਚਾਰ ਸਾਲ ਮਿਲਦਾ ਰਿਹਾ। ਇਥੋਂ ਛੇਵੀਂ ਪਾਸ ਕਰਕੇ ਮੈਂ ਸਰਕਾਰੀ ਸਕੂਲ ਮਾਡਲ ਸਕੂਲ ਭਾਈ ਫੇਰੂ ਦਾਖਲ ਹੋਇਆ, ਏਥੇ ਸਵੇਰ ਦੀ ਦੁਆ ਦੇ ਗਰੁੱਪ ਵਿਚ ਪੰਜ ਵਿਦਿਆਰਥੀਆਂ ਵਿਚੋਂ ਮੈਂ ਇਕ ਸਾਂ।

☛ *ਤੁਹਾਨੂੰ ਸੰਗੀਤ ਦੀ ਗੁੜ੍ਹਤੀ ਕਿਥੋਂ ਮਿਲੀ ਤੇ ਸੰਗੀਤ ਪ੍ਰਬੀਨਤਾ ਹਾਸਲ ਕਰਨ ਵਿਚ ਪ੍ਰੇਰਣਾ ਸਰੋਤ ਤੇ ਉਸਤਾਦ ਕੌਣ ਸਨ?*

ਜਿੱਥੇ ਸਕੂਲ ਵਿਚ ਮੈਂ ਬੋਰਡਿੰਗ ਵਿਚ ਰਹਿੰਦਾ ਸਾਂ ਉਥੇ ਲੋਕਲ ਇਤਿਹਾਸਕ ਗੁਰਦੁਆਰਾ ਸੱਚੀ ਦਾੜ੍ਹੀ ਵਿਚ ਰੋਜ ਗੁਰਦੁਆਰੇ ਜਾਣ ਦੀ ਤੇ ਕੀਰਤਨ ਸੁਣਨ ਦੀ ਚੇਟਕ ਲੱਗ ਗਈ। ਸਭ ਤੋਂ ਪਹਿਲਾਂ ਗਿਆਨੀ ਗੁਰਚਰਨ ਸਿੰਘ ਜੀ ਜੋ ਉਸ ਸਮੇਂ ਉਥੇ ਕੀਰਤਨ ਸੇਵਾ ਕਰਦੇ ਸਨ, ਉਹਨਾਂ ਤੋਂ ਹੀ ਕੀਰਤਨ ਸਿੱਖਿਆ ਆਰੰਭ ਹੋਈ। ਫਿਰ ਭਾਈ ਸੁੰਦਰ ਸਿੰਘ ਕਸੂਰ ਵਾਲੇ ਜੋ ਉਸਤਾਦ ਜੀ ਦੇ ਗੁਰਭਾਈ ਸਨ ਤੇ ਫਿਰ ਦਲੀਪ ਸਿੰਘ ਗਾਇਣ ਅਚਾਰੀਆ (ਅਲਮਸਤ ਜੀ ਦੇ ਸ਼ਾਗਿਰਦ) ਪਾਸੋਂ ਇਕ ਸਾਲ ਸਿੱਖਿਆ ਪ੍ਰਾਪਤ ਕੀਤੀ।

ਕੁਝ ਵਿਅਕਤੀਆਂ ਦਾ ਮੈਂ ਆਪਣੇ ਤੇ ਬਹੁਤ ਪ੍ਰਭਾਵ ਮੰਨਦਾ ਹਾਂ। ਕੀਰਤਨੀਆਂ ਵਿਚ ਭਾਈ ਸਮੁੰਦ ਸਿੰਘ ਜੀ ਵਰਗੇ ਸੁਰੀਲੇ, ਦਰਸ਼ਨੀ, ਗੁਰਸਿੱਖੀ ਦੀ ਰਹਿਣੀ ਬਹਿਣੀ ਵਾਲੇ, ਸਵਰਾਂ ਵਿਚ ਭਿੱਜ ਕੇ ਕੀਰਤਨ ਵਿਚ ਪ੍ਰਮਾਣਾਂ ਦੀ ਲੜੀ ਨਾਲ ਸੰਗਤਾਂ ਨੂੰ ਜੋੜਨ ਵਾਲੇ ਵਿਅਕਤੀ ਤੋਂ ਮੈਂ ਬਹੁਤ ਪ੍ਰਭਾਵਿਤ ਰਿਹਾ। ਅਧਿਆਪਕ ਦੇ ਰੂਪ ਵਿਚ ਵਿੱਦਿਆ ਦੇ ਭੰਡਾਰ ਪ੍ਰੋ. ਪ੍ਰੀਤਮ ਸਿੰਘ ਜੀ (ਪਟਿਆਲਾ) ਦੀ ਵਿਦਵਤਾ, ਸਾਦਗੀ ਤੇ ਉਹਨਾਂ ਦੀ ਵਿਦਿਆਰਥੀਆਂ ਨਾਲ ਨੇੜਤਾ ਮੈਨੂੰ ਸਦੈਵ ਹੀ ਪ੍ਰਭਾਵਿਤ ਕਰਦੀ ਰਹੀ ਹੈ। ਸੰਗੀਤ ਅਧਿਆਪਕ ਦੇ ਰੂਪ ਵਿਚ ਪ੍ਰੋ. ਬਲਵੰਤ ਰਾਏ ਜੀ ਜਸਵਾਲ ਦਾ ਮੈਂ ਬਹੁਤ ਆਦਰ ਕਰਦਾ ਹਾਂ। ਬਹੁਤ ਗੂੜ੍ਹ ਸੰਗੀਤ ਦੀਆਂ ਡੂੰਘਾਈਆਂ, ਬੜੇ ਸਰਲਤਾ ਨਾਲ ਸਮਝਾਉਣ ਦੀ ਸਮਰੱਥਾ ਉਹਨਾਂ ਵਿਚ ਸੀ। ਮੈਂ ਸੰਗੀਤ ਭਾਸਕਰ ਤੇ ਸੰਗੀਤ ਪ੍ਰਵੀਨ ਦੀ ਡਿਗਰੀ ਉਹਨਾਂ ਦੀ ਅਗਵਾਈ ਹੇਠ ਪ੍ਰਾਪਤ ਕੀਤੀ। ਸ਼ਾਸਤਰੀ ਸੰਗੀਤ ਦੀ ਦੁਨੀਆਂ ਵਿਚ ਪੰ. ਭੀਮਸੈਨ ਜੋਸ਼ੀ ਦਾ ਮੈਂ ਬਹੁਤ ਹੀ ਜ਼ਿਆਦਾ ਉਪਾਸਕ ਹਾਂ। ਉਹਨਾ ਦੇ ਗਾਇਣ ਵਿਚ ਇਕ ਨਸ਼ਾ ਹੈ ਸਰੂਰ ਹੈ ਜਿਸ ਦਾ ਮੈ ਸਦੈਵ ਹੀ ਅਨੰਦ ਮਾਣਦਾ ਹਾਂ।

☛ *ਗੁਰਬਾਣੀ ਕੀਰਤਨ ਵਿਚ ਤੁਹਾਡਾ ਅਨੁਭਵ ਕਿਵੇਂ ਪ੍ਰਫੁੱਲਤ ਹੋਇਆ? ਤੁਸੀਂ ਤਾਨਪੁਰੇ ਉੱਤੇ ਕੀਰਤਨ ਕਰਨ ਨੂੰ ਪ੍ਰਾਥਮਿਕਤਾ ਕਿਉਂ ਦੇਂਦੇ ਹੋ?*

ਮੈਂ ਪਹਿਲਾਂ ਮਾਲਵਾ ਸੈਂਟ੍ਰਲ ਕਾਲਜ ਆਫ ਐਜੂਕੇਸ਼ਨ ਵਿਖੇ 1968 ਵਿਖੇ ਅਧਿਆਪਕ ਵਜੋਂ ਸੇਵਾ ਸ਼ੁਰੂ ਕੀਤੀ। 1969 ਵਿਚ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਗੁਰਪੁਰਬ ਮਨਾਉਣ ਸੰਬੰਧੀ ਉਥੇ ਅੰਤਰ ਕਾਲਜ ਸ਼ਬਦ ਗਾਇਨ ਪ੍ਰਤੀਯੋਗਤਾ ਆਯੋਜਿਤ ਕਰਵਾਈ। ਫਿਰ ਨਿਰਧਾਰਤ ਰਾਗਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ

ਦਾ ਗਾਇਨ ਪੰਜਾਬੀ ਭਵਨ ਵਿਖੇ ਪ੍ਰਿੰ. ਡਾ. ਸ਼ੇਰ ਸਿੰਘ ਦੀ ਅਗਵਾਈ ਹੇਠ ਆਯੋਜਨ ਕਰਵਾਇਆ। ਫਿਰ ਜਦੋਂ ਗੁਰੂ ਨਾਨਕ ਗਰਲਜ਼ ਕਾਲਜ ਵਿਖੇ 1971 ਵਿਖੇ ਸੰਗੀਤ ਵਿਭਾਗ ਦੇ ਮੁਖੀ ਵਜੋਂ ਸੇਵਾ ਆਰੰਭ ਕੀਤੀ ਤਾਂ ਇਥੇ ਨਿਰਧਾਰਿਤ ਰਾਗਾਂ ਵਿਚ ਸ਼ਬਦ ਗਾਇਨ ਤੇ ਪੜਤਾਲ ਗਾਇਨ ਸ਼ੈਲੀ ਦੀ ਲਹਿਰ ਚਲਾਈ। ਭਾਵੇਂ ਸ਼ੁਰੂ-ਸ਼ੁਰੂ ਤੇ ਇਸ ਨੂੰ ਭੰਰਵਾ ਹੁੰਗਾਰਾ ਨਾ ਮਿਲਿਆ ਪਰ ਸੰਗੀਤ ਅਧਿਆਪਕਾਂ ਨੂੰ ਇਸ ਪਾਸੇ ਪ੍ਰੇਰਿਤ ਕੀਤਾ ਤੇ ਇਹ ਉਸ ਸਮੇਂ ਦੀ ਚਲਾਈ ਲਹਿਰ ਅੱਜ ਪ੍ਰਚਾਰ ਵਿਚ ਹੈ। ਬਾਬਾ ਸੁੱਚਾ ਸਿੰਘ ਜੀ ਨੇ ਵੀ ਇਸ ਲਹਿਰ ਨੂੰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੇ ਰੂਪ ਵਿਚ ਆਮ ਸੰਗਤਾਂ ਵਿਚ ਪ੍ਰਚਾਰਿਆ ਤੇ ਉਹਨਾਂ ਦੇ ਸਾਰੇ ਹੀ ਸਮਾਗਮਾਂ ਨੂੰ ਵਿਓਂਤਬੱਧ ਕਰਨ ਵਿਚ, ਰਾਗਾਂ ਦੇ ਸਰੂਪ ਨਿਸ਼ਚਿਤ ਕਰਨ ਵਿਚ, ਰਾਗੀਆਂ ਨੂੰ ਸ਼ਬਦ ਦੇਣ ਵਿਚ, ਗਾਇਨ ਵਿਚ ਤੇ ਹੋਰ ਸੇਵਾਵਾਂ ਵਿਚ ਮੈਂ ਸੇਵਾ ਨਿਭਾਉਂਦਾ ਰਿਹਾ।

ਜਿਥੋਂ ਤੱਕ ਤਾਨਪੁਰੇ ਨਾਲ ਗਾਇਨ ਕਰਨ ਦੀ ਗੱਲ ਹੈ, ਮੈਨੂੰ ਪਤਾ ਹੈ ਕਿ ਮੈਂ ਇਕ ਸੰਗੀਤ ਵਿਦਿਆਰਥੀ ਹਾਂ ਤੇ ਮੇਰੇ ਅੰਦਰ ਇਹ ਗੱਲ ਪ੍ਰਤੱਖ ਰੂਪ ਵਿਚ ਪ੍ਰਗਟ ਹੈ ਕਿ ਤਾਨਪੁਰੇ ਨਾਲ ਹੀ ਗਾਇਨ ਕਰਨ ਨਾਲ ਸਵਰਾਂ ਵਿਚ ਸ਼ੁਧਤਾ ਤੇ ਠੀਕ ਲਗਾਵ ਆ ਸਕਦਾ ਹੈ। ਮੈਂ ਕਿਸੇ ਵਿਅਕਤੀ ਨੂੰ ਤਾਨਪੁਰੇ ਨੂੰ ਆਧਾਰ ਮੰਨ ਕੇ ਕੀਰਤਨ ਕਰਦਿਆਂ ਨਹੀਂ ਵੇਖਿਆ ਤੇ ਨਾ ਹੀ ਹੁਣ ਕੋਈ ਤਾਨਪੁਰੇ ਨਾਲ ਕੀਰਤਨ ਕਰ ਰਿਹਾ ਹੈ। ਇਹ ਗੁਰੂ ਦੀ ਵਡਿਆਈ ਹੈ ਕਿ ਮੈਂ ਪਿਛਲੇ ਚਾਰ ਦਹਾਕਿਆਂ ਤੋਂ ਤਾਨਪੁਰੇ ਨਾਲ ਕੀਰਤਨ ਕਰ ਰਿਹਾ ਹਾਂ।

☛ *ਪ੍ਰੋ. ਸਾਹਿਬ ਜੀ ਕੀਰਤਨ ਦਰਬਾਰਾਂ ਦੀ ਰੀਤ ਬਹੁਤ ਚੱਲ ਪਈ ਹੈ। ਰਾਗੀ ਸਿੰਘਾਂ ਦੀ ਮਾਨਤਾ ਬਹੁਤ ਵੱਧ ਰਹੀ ਹੈ, ਕੀ ਲੋੜੀਂਦੀ ਮਿਹਨਤ ਕਰਦੇ ਹਨ? ਸਿੱਧੀਆਂ ਫਿਲਮੀ ਤਰਜ਼ਾਂ ਨਾਲ ਕੀਰਤਨ ਕਰਨ ਦੇ ਕੀ ਮਾੜੇ ਪ੍ਰਭਾਵ ਪੈ ਰਹੇ ਹਨ?*

ਪਹਿਲਾਂ ਕੀਰਤਨ ਦਰਬਾਰਾਂ ਵਿਚ ਰਾਗੀ ਸਿੰਘਾਂ ਨੂੰ ਰਾਗ ਤੇ ਸ਼ਬਦ ਗਾਇਣ ਕਰਨ ਲਈ ਨਿਰਧਾਰਤ ਕੀਤੇ ਜਾਂਦੇ ਸਨ। ਚੀਫ ਖਾਲਸਾ ਦੀਵਾਨ ਵਲੋਂ ਆਯੋਜਿਤ ਕਾਨਫਰੰਸਾਂ ਸਮੇਂ ਰਾਗ ਦਿੱਤੇ ਜਾਂਦੇ ਸਨ ਤੇ ਉਸੇ ਰਾਗ ਵਿਚ ਹੀ ਹਰ ਰਾਗੀ ਸਿੰਘਾਂ ਨੂੰ ਸ਼ਬਦ ਗਾਇਨ ਕਰਨਾ ਪੈਂਦਾ ਸੀ। ਫਿਰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਵਿਖੇ ਵੀ ਨਿਰਧਾਰਤ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਹੁੰਦਾ ਰਿਹਾ ਹੈ। ਇਸ ਪ੍ਰਕਾਰ ਦੇ ਰਾਗ ਆਧਾਰਿਤ ਕੀਰਤਨ ਨੂੰ ਹੀ ਕੀਰਤਨ ਦਰਬਾਰਾਂ ਦਾ ਰੂਪ ਦਿੱਤਾ ਜਾ ਸਕਦਾ ਹੈ। ਪਰ ਅੱਜ ਦੇ ਪ੍ਰਚੱਲਿਤ ਕੀਰਤਨ ਦਰਬਾਰਾਂ ਨੂੰ ਕੀਰਤਨ ਸਮਾਗਮ ਦਾ ਰੂਪ ਹੀ ਦਿੱਤਾ ਜਾ ਸਕਦਾ ਹੈ। ਇਹਨਾਂ ਸਮਾਗਮਾਂ ਵਿਚ ਸ਼ਬਦ ਦਾ ਸਾਧਾਰਨ ਰੂਪ ਵਿਚ ਗਾਇਨ ਕਰਨ ਵਾਲੇ ਰਾਗੀ ਸਿੰਘਾਂ 'ਤੇ ਰਾਗ ਅਧਾਰਿਤ ਸ਼ਬਦ ਬੰਦਸ਼ਾਂ ਦਾ ਕੋਈ ਬੋਝ ਨਹੀਂ। ਆਮ ਤੌਰ ਤੇ ਪ੍ਰਚੱਲਿਤ ਸ਼ਬਦਾਂ ਦਾ ਕਹਿਰਵੇ ਦਾਦਰੇ ਵਿਚ, ਭੈਰਵੀ, ਪਹਾੜੀ, ਸ਼ਿਵਰੰਜਨੀ, ਕਲਾਵਤੀ ਰਾਗਾਂ ਵਿਚ ਹੀ ਗਾਇਨ ਚੱਲ ਰਿਹਾ ਹੈ। ਜਿਥੋਂ ਤੱਕ ਫਿਲਮੀ ਤਰਜ਼ਾਂ ਤੇ ਕੀਰਤਨ ਕਰਨ ਦੀ ਗੱਲ ਤੁਸੀਂ ਪੁੱਛੀ ਹੈ, ਮੈਂ ਇਸ ਨੂੰ ਕੇਵਲ ਮਾੜਾ ਹੀ ਨਹੀ ਸਮਝਦਾ ਸਗੋਂ ਸਾਡੀ ਕੀਰਤਨ ਪਰੰਪਰਾ ਨੂੰ ਬਹੁਤ ਵੱਡਾ ਧੱਕਾ ਲੱਗ ਰਿਹਾ ਹੈ। ਰਾਗੀ ਸਿੰਘ ਜਦੋਂ ਫਿਲਮੀ ਧੁਨਾਂ ਤੇ ਲੋਕ ਗੀਤਾਂ ਦੀਆਂ ਧੁਨਾਂ ਤੇ ਜਾਂ ਗਜ਼ਲਾਂ ਤੇ ਅਧਾਰਿਤ ਕੀਰਤਨ ਕਰਦੇ ਹਨ ਤਾਂ ਜਦੋਂ ਵਾਜੇ ਤੇ ਕੇਵਲ ਧੁਨ ਵਜਾਈ ਜਾਂਦੀ ਹੈ ਤਾਂ ਉਸ ਸਮੇਂ ਉਹਨਾਂ ਧੁਨਾਂ ਦੇ ਫਿਲਮੀ ਦ੍ਰਿਸ਼ ਸਰੋਤਿਆਂ ਦੇ ਸਾਹਮਣੇ ਘੁੰਮ ਰਹੇ ਹੁੰਦੇ ਹਨ। ਇਹ ਸਭ ਕੁਝ ਸਾਨੂੰ ਗੁਰਸ਼ਬਦ ਨਾਲ ਜੁੜਨ ਨਹੀਂ ਦਿੰਦਾ ਸਗੋਂ ਤੋੜਦਾ ਹੈ।

☛ *ਤੁਸੀਂ ਅੱਜ ਕੱਲ ਕਿੱਥੇ ਸੇਵਾ ਕਰ ਰਹੇ ਹੋ? ਤੁਹਾਡੀਆਂ ਪ੍ਰਕਾਸ਼ਨਾਵਾਂ ਕਿਹੜੀਆਂ ਕਿਹੜੀਆਂ ਹਨ?*

ਮੈਂ ਅੱਜ ਕੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਈ ਜਾ ਰਹੀ "ਗੁਰਮਤਿ ਸੰਗੀਤ ਅਕੈਡਮੀ" ਅਨੰਦਪੁਰ ਸਾਹਿਬ ਵਿਖੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਿਹਾ ਹਾਂ ਜਿਥੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਸਿੱਖਿਆ ਦਿੱਤੀ ਜਾਂਦੀ ਹੈ।

ਮੇਰੀ ਪਹਿਲੀ ਪੁਸਤਕ "ਗੁਰਬਾਣੀ ਸੰਗੀਤ ਦਰਪਣ" ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕ) ਦੁਆਰਾ 1996 ਵਿਚ ਤੇ ਫਿਰ 1997, 2000 ਤੇ 2002 ਵਿਚ ਚਾਰ ਵਾਰ ਛਾਪੀ ਜਾ ਚੁੱਕੀ ਹੈ। "ਗੁਰਮਤਿ ਸੰਗੀਤ ਦਰਪਣ" ਭਾਗ-1 ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਰਾਗ ਤੋਂ ਸੂਹੀ ਤੱਕ 15 ਰਾਗਾਂ ਦਾ 372 ਸ਼ਬਦ ਬੰਦਸ਼ਾਂ ਦਾ ਸੰਗ੍ਰਹਿ ਹੈ। ਦਸੰਬਰ, 2003 ਵਿਚ ਛਪ ਚੁੱਕਿਆ ਹੈ। "ਗੁਰੂ ਅੰਗਦ ਦੇਵ ਸੰਗੀਤ ਦਰਪਣ" ਜੋ 22 ਰਾਗਾਂ ਵਿਚੋਂ 135 ਬੰਦਸ਼ਾਂ ਦਾ ਸੰਗ੍ਰਹਿ ਹੈ, ਇਹ ਵੀ ਧਰਮ ਪ੍ਰਚਾਰ ਕਮੇਟੀ ਦੁਆਰਾ ਛਪਾਇਆ ਜਾ ਰਿਹਾ ਹੈ।

☛ *ਤੁਸੀਂ ਆਡੀਓ ਵੀਡੀਓ ਕੈਸਟਾਂ ਤੇ ਸੀਡੀਜ਼ ਤਿਆਰ ਕਰਨ ਵੱਲ ਕਿਉਂ ਰੁਚਿਤ ਨਹੀਂ ਹੋਏ? ਇਸ ਦੀ ਬੜੀ ਲੋੜ ਹੈ।*

ਅਸਲ ਵਿਚ ਮੈ ਆਪਣੇ ਆਪ ਨੂੰ ਰਿਆਜ਼ ਕਰਨ ਤੇ ਵਿਦਿਆਰਥੀਆਂ ਨੂੰ ਰਿਆਜ਼ ਕਰਾਉਣਾ ਹੀ ਆਪਣਾ ਟੀਚਾ ਬਣਾ ਬੈਠਾ ਹਾਂ। ਇਸ ਤੋਂ ਬਿਨਾਂ ਮੈਂ ਪਿਛਲੇ 20 ਸਾਲਾਂ ਤੋਂ ਸ਼ਬਦਾਂ ਨੂੰ ਸਵਰ ਲਿਪੀ ਰੂਪ ਦੇਣ ਵਿਚ ਯਤਨਸ਼ੀਲ ਹਾਂ। ਹੁਣ ਗੁਰਮਤਿ ਸੰਗੀਤ ਦਰਪਣ ਭਾਗ-2 ਦੀ ਸੁਧਾਈ ਚੱਲ ਰਹੀ ਹੈ। ਇਸ ਤੋਂ ਬਾਅਦ ਮੈਂ ਆਪਣੇ ਆਪ ਨੂੰ ਕੁਝ ਹਲਕਾ ਮਹਿਸੂਸ ਕਰਾਂਗਾ। ਫਿਰ ਇੱਧਰ ਵੀ ਧਿਆਨ ਦਿੱਤਾ ਜਾ ਸਕਦਾ ਹੈ। ਵੈਸੇ ਆਡੀਓ ਵਿਚ ਵਿਸਮਾਦ ਨਾਦ ਵਲੋਂ 1991 ਵਿਚ ਤਾਂ ਰਾਗਾਂ ਦੀ ਰਿਕਾਰਡਿੰਗ ਵਿਚ ਰਾਗ ਬਿਹਾਗੜਾ, ਤੁਖਾਰੀ, ਮਾਰੂ, ਬਸੰਤ ਤੇ ਕਲਿਆਣ ਵਿਚ ਸ਼ਬਦ ਗਾਏ ਹਨ। "ਗਉੜੀ ਰਾਗ ਸੁਲੱਖਣੀ" ਦੇ ਤਿੰਨ ਕੈਸਟਾਂ ਦੇ ਸੈੱਟ ਵਿਚ ਰਾਗ ਗਉੜੀ-ਚੇਤੀ, ਗਉੜੀ ਮਾਲਾ, ਗਉੜੀ ਬੈਰਾਗਣਿ ਵਿਚ ਹਰ ਕੈਸਟ ਵਿਚ ਇਕ ਸ਼ਬਦ ਹੈ। "ਸ਼ਬਦ ਪਾਤਸ਼ਾਹੀ-੧੦" ਵਿਚ ਦੋ ਸ਼ਬਦ ਰਾਗ ਦੇਵ ਗੰਧਾਰੀ ਤੇ ਰਾਗ ਕਲਿਆਣ ਵਿਚ ਗਾਏ ਹਨ। ਇਹ ਸਾਰੀਆਂ ਕੈਸਟਾਂ ਹੁਣ ਟੀ. ਸੀਰੀਜ਼ ਕੰਪਨੀ ਵਲੋਂ ਜਾਰੀ ਹੋ ਚੁੱਕੀਆਂ ਹਨ। ਇਸ ਤੋਂ ਬਿਨਾਂ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਆਗਮਨ ਦੇ ਸੰਬੰਧ ਵਿਚ ਸ਼੍ਰੋ. ਗੁ. ਪ੍ਰ. ਕ ਵਲੋਂ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਗਾਇਣ ਦੇ ਸੰਬੰਧ ਵਿਚ ਟੀ. ਸੀਰੀਜ਼ ਆਡੀਓ ਤੇ ਵੀਡੀਓ ਰੀਲੀਜ਼ ਕਰ ਰਹੀ ਹੈ। ਉਸ ਵਿਚ ਮੇਰੇ ਵਲੋਂ ਰਾਗ ਸੋਰਠਿ ਵਿਚ ਇਕ ਸਲੋਕ, ਰਾਗ ਮਾਰੂ ਵਿਚ ਇਕ ਤੇ ਰਾਗ ਮਲ੍ਹਾਰ ਵਿਚ ਦੋ ਸਲੋਕਾਂ ਦਾ ਗਾਇਣ ਹੈ।

☛ *ਤੁਹਾਨੂੰ ਸਨਮਾਨ ਕਿਥੋਂ ਕਿਥੋਂ ਪ੍ਰਾਪਤ ਹੋਏ ਹਨ?*

ਮੇਰੀ ਕਿਰਤ ਨੂੰ ਸਵੀਕਾਰ ਕੀਤਾ ਜਾ ਰਿਹਾ ਹੈ, ਮੈਂ ਇਸ ਨੂੰ ਹੀ ਆਪਣਾ ਸਭ ਤੋਂ ਵੱਡਾ ਸਨਮਾਨ ਸਮਝਦਾ ਹਾਂ। ਮੇਰੇ ਸੰਪਰਕ ਵਿਚ ਆਏ ਵਿਦਿਆਰਥੀ ਜੋ ਕੁਝ ਸੰਗਤਾਂ ਵਿਚ ਵੰਡ ਰਹੇ ਹਨ ਜਾਂ ਵੰਡਣਗੇ ਉਸ ਨੂੰ ਹੀ ਮੈਂ ਆਪਣਾ ਸਨਮਾਨ ਸਮਝਾਂਗਾ।

☛ *ਤੁਸੀਂ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਕੀ ਸੰਦੇਸ਼ ਦੇਣਾ ਚਾਹੋਗੇ?*

ਅੱਜ ਦੀ ਸਖਤ ਲੋੜ ਹੈ ਕਿ ਕੀਰਤਨ ਪੱਧਰ ਜੋ ਦਿਨੋ ਦਿਨ ਕਮਜ਼ੋਰ ਹੋ ਰਿਹਾ ਹੈ, ਉਸ ਲਈ ਸਿੱਖ ਧਾਰਮਿਕ ਸੰਸਥਾਵਾਂ ਆਪਣੇ ਆਪਣੇ ਪੱਧਰ ਤੇ ਯਤਨ ਜੁਟਾਣ ਤਾਂ ਸਾਡਾ ਕੀਰਤਨ ਦਾ ਰਾਗ ਅਧਾਰਿਤ ਪਰੰਪਰਾਗਤ ਸਰੂਪ ਜੀਵਿਤ ਹੋ ਸਕਦਾ ਹੈ। ਸਾਡੇ ਗੁਰ ਅਸਥਾਨਾਂ ਵਿਚ ਨਿੱਤ ਦੇ ਕੀਰਤਨ ਵਿਚ ਕੁਝ ਸੁਧਾਰ ਆ ਸਕੇ, ਕੀਰਤਨ ਦਰਬਾਰਾ ਦਾ ਰੂਪ ਰਾਗ ਅਧਾਰਿਤ ਕੀਰਤਨ ਦਰਬਾਰ ਬਣ ਸਕਣ, ਅਸੀਂ ਸੰਗਤਾਂ ਵਿਚ ਮਰਯਾਦਾ ਸਰੂਪ ਕੀਰਤਨ ਦਾ ਪ੍ਰਚਾਰ ਕਰ ਸਕੀਏ, ਇਹੀ ਮੇਰੀ ਭਾਵਨਾ ਹੈ।

# ਗੁਰਬਾਣੀ ਵਿਆਖਿਆ ਪਰੰਪਰਾ ਵਿਚ- ਭਾਈ ਗੁਰਦਾਸ ਜੀ ਦਾ ਗੌਰਵ

ਡਾ. ਚਾਨਣ ਸਿੰਘ ਨਿਰਮਲ : 134/ਆਰ.ਆਰ. ਕਲੋਨੀ, ਜੇਲ੍ਹ ਰੋਡ, ਗੁਰਦਾਸਪੁਰ 143 521

ਭਾਈ ਗੁਰਦਾਸ ਦਾ ਸਬੰਧ ਗੁਰੂ ਘਰ ਨਾਲ ਨਿਕਟਵਰਤੀ ਹੈ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਹਨ। ਗੁਰੂ ਅਮਰਦਾਸ ਜੀ ਨੇ ਇਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਪਾਲਿਆ ਇਸ ਤਰ੍ਹਾਂ ਆਪ ਗੁਰੂ ਅਰਜਨ ਦੇਵ ਜੀ ਦੇ ਮਾਮੇ ਸਨ। ਸਭ ਤੋਂ ਵੱਡੀ ਗੱਲ ਕਿ ਗੁਰੂ ਅਰਜਨ ਦੇਵ ਜੀ ਨੇ ਆਪ ਪਾਸੋਂ ਹੀ ਸਾਰੀ ਬਾਣੀ 1604 ਵਿਚ ਗੁਰੂ ਗ੍ਰੰਥ ਸਾਹਿਬ ਵਿਚ ਲਿਖਵਾਈ। ਆਪ ਜੀ ਨੇ ਗੁਰੂ ਅੰਗਦ ਦੇਵ ਜੀ ਦਾ ਅਸ਼ੀਰਵਾਦ ਵੀ ਲਿਆ। ਆਪ ਬਚਪਨ ਤੋਂ ਹੀ ਹੋਣਹਾਰ ਤੇ ਦੂਰ ਦ੍ਰਿਸ਼ਟੀ ਦੇ ਮਾਲਕ ਸਨ। ਆਪ ਹਿੰਦੀ, ਪੰਜਾਬੀ, ਬ੍ਰਿਜੀ, ਉਰਦੂ, ਅਰਬੀ, ਫਾਰਸੀ ਆਦਿ ਭਾਸ਼ਾਵਾਂ ਦੇ ਗਿਆਤਾ ਸਨ। ਅਰਬੀ ਫਾਰਸੀ ਆਪ ਜੀ ਨੇ ਸੁਲਤਾਨਪੁਰ ਲੋਧੀ ਦੇ ਮੌਲਵੀਆਂ ਪਾਸੋਂ ਸਿੱਖੀ। ਆਪ ਗੁਰੂ ਨਾਨਕ ਸਿੱਖੀ ਦਾ ਪ੍ਰਚਾਰ ਕਰਨ ਲਈ ਚੰਬਾ, ਜੰਮੂ, ਕਸ਼ਮੀਰ, ਬੁਰਹਾਨ, ਬਨਾਰਸ, ਲਖਨਊ, ਰਾਜਸਥਾਨ ਆਦਿ ਇਲਾਕਿਆਂ ਵਿਚ ਗਏ। ਜਦ 30 ਸਤੰਬਰ 1578 ਈ. ਨੂੰ ਅਕਬਰ ਨੇ ਦੀਨੇ ਇਲਾਹੀ ਹਿੱਤ ਸਰਬ ਹਿੰਦ ਸੰਮੇਲਨ ਕਰਵਾਇਆ ਤਾਂ ਭਾਈ ਗੁਰਦਾਸ ਜੀ ਨੂੰ ਇਸ ਵਿਚ ਸ਼ਾਮਿਲ ਹੋਣ ਲਈ ਭੇਜਿਆ ਗਿਆ। ਉਥੇ ਆਪ ਜੀ ਨੇ ਮੂਲ ਮੰਤਰ ਦੀ ਐਸੀ ਕਲਾਮਈ ਮਿੱਠੀ ਵਿਆਖਿਆ ਕੀਤੀ ਕਿ ਸਮੇਤ ਅਕਬਰ ਬਾਦਸ਼ਾਹ ਦੇ ਸਾਰੇ ਦਰਬਾਰੀ ਹੈਰਾਨ ਰਹਿ ਗਏ। ਭਾਈ ਸਾਹਿਬ ਦਾ ਗੁਰਬਾਣੀ ਸਬੰਧੀ ਗਿਆਂਨ ਡੂੰਘੇਰਾ ਤੇ ਪਕੇਰਾ ਸੀ। ਆਪ ਜੀ ਦੀ ਭਾਸ਼ਾਵਾਂ ਦੀ ਜਾਣਕਾਰੀ ਅਤੇ ਪ੍ਰਤਿਭਾ ਗੁਰਬਾਣੀ ਦੀ ਵਿਆਖਿਆ ਦੇ ਸਮਰੱਥ ਸੀ।

ਆਪ ਜੀ ਦਾ ਵਾਰਾਂ ਲਿਖਣ ਦਾ ਮੁੱਖ ਮਨੋਰਥ ਗੁਰਬਾਣੀ ਦੀ ਵਿਆਖਿਆ ਸੀ। ਆਪ ਜੀ ਦੀਆਂ ਵਾਰਾਂ ਗੁਰਬਾਣੀ ਵਿਚ ਆਉਂਦੇ ਸਮਾਜਿਕ, ਇਤਿਹਾਸਕ, ਮਿਥਿਹਾਸਕ ਆਦਿ ਹਵਾਲਿਆਂ ਨੂੰ ਸਪਸ਼ਟ ਕਰਦੀਆਂ ਹਨ। ਆਪ ਜੀ ਨੇ ਲੋਕ ਬੋਲੀ ਤੇ ਠੇਠ ਪੰਜਾਬੀ ਵਿਚ ਗੁਰਬਾਣੀ ਦੀ ਵਿਆਖਿਆ ਕੀਤੀ ਹੈ। ਇਸੇ ਕਰਕੇ ਹੀ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਸਲਾਹਿਆ ਤੇ ਸਤਿਕਾਰਿਆ ਹੈ।[1]

ਭਾਈ ਸਾਹਿਬ ਦਾ ਗਿਆਨ ਏਨਾ ਬਹੁਪੱਖੀ ਤੇ ਵਿਸ਼ਾਲ ਸੀ ਕਿ ਇਕੋ ਚੀਜ਼ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਵੱਖ ਵੱਖ ਉਪਮਾਵਾਂ ਤੇ ਦ੍ਰਿਸ਼ਟਾਂਤ ਦੇ ਕੇ ਸਿੱਧ ਕੀਤਾ ਹੈ। ਆਪ ਦੇ ਗਿਆਨ ਨੂੰ ਮੁੱਖ ਰੱਖਕੇ ਜੇ ਅਸੀਂ ਇਨ੍ਹਾਂ ਨੂੰ ਤੁਰਦਾ ਫਿਰਦਾ ਜੀਉਂਦਾ ਜਾਗਦਾ ਮਹਾਨ ਕੋਸ਼ ਕਹਿ ਲਈਏ ਤਾਂ ਕੋਈ ਭੁੱਲ ਨਹੀਂ ਹੋਏਗੀ।[2]

ਭਾਈ ਸਾਹਿਬ ਨੇ ਆਪਣੀਆਂ ਵਾਰਾਂ ਦੀ ਇਕ ਇਕ ਪਉੜੀ ਵਿਚ ਗੁਰਮਤਿ ਸਿਧਾਂਤ ਦੇ ਇਕ ਇਕ ਨੁਕਤੇ ਨੂੰ ਸਪਸ਼ਟ ਕੀਤਾ ਹੈ। ਫਿਰ ਉਸ ਨੂੰ ਸਪਸ਼ਟ ਕਰਨ ਲਈ ਆਪ ਯੋਗ ਤੇ ਢੁਕਵੇਂ ਦ੍ਰਿਸ਼ਟਾਂਤਾਂ ਦੀ ਝੜੀ ਲਗਾ ਦੇਂਦੇ ਹਨ। ਇਉਂ ਗੱਲ ਭਲੀਭਾਂਤ ਸਪਸ਼ਟ ਹੋ ਜਾਂਦੀ ਹੈ।

ਭਾਈ ਗੁਰਦਾਸ ਜੀ ਦੀ ਗੁਰਮਤਿ ਵਿਆਖਿਆ ਪੂਰਨ ਭਾਂਤ ਗੁਰਬਾਣੀ ਦੀ ਅਨੁਕੂਲਤਾ ਰੱਖਦੀ ਹੈ। ਇਹ ਵਿਆਖਿਆ ਏਨੀ ਸੰਪੂਰਨ ਹੈ ਕਿ ਗੁਰਸਿੱਖੀ ਦਾ ਪੂਰਾ ਅਨੁਭਵ, ਪੂਰਾ ਆਦਰਸ਼, ਪੂਰਾ ਦਰਸ਼ਨ ਇਸ ਵਿਚ ਉਪਸਥਿਤ ਹੈ। ਹਰ ਇਕ ਵਾਰ ਵਿਚ ਹਰ ਇਕ ਪਉੜੀ ਵਿਚ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਦੇ ਖਜ਼ਾਨੇ ਭਰਪੂਰ ਹਨ। ਇਸ ਮਹਾਨ ਅਧਿਆਤਮਕ ਸਾਗਰ ਵਿਚ ਅਗੰਮੀ ਮੋਤੀਆਂ ਦੀ ਏਨੀ ਬਹੁਲਤਾ ਹੈ ਕਿ ਉਨ੍ਹਾਂ ਦੀ ਗਿਣਤੀ ਦਾ ਪੂਰਾ ਉਲੇਖ ਨਹੀਂ ਹੋ ਸਕਦਾ।[3]

ਭਾਈ ਗੁਰਦਾਸ ਦੀ ਟੀਕਾ ਵਿਧੀ ਗੁਰਬਾਣੀ ਦੇ ਇਕ ਇਕ ਸ਼ਬਦ ਨੂੰ ਕ੍ਰਮਵਾਰ ਲੈ ਕੇ ਉਨ੍ਹਾਂ ਦੇ ਅਰਥ ਸਪਸ਼ਟ ਕਰਨ ਵਾਲੀ ਨਹੀਂ, ਸਗੋਂ ਗੁਰਬਾਣੀ ਵਿਚਲੇ ਵਿਚਾਰਾਂ ਜਾਂ ਭਾਵਾਂ ਨੂੰ ਲੈ ਕੇ ਉਨ੍ਹਾਂ ਦਾ ਸਰਲ ਅਤੇ ਸੁਬੋਧ ਬੋਲੀ ਵਿਚ ਕਾਵਿਮਈ ਪ੍ਰਗਟਾਵਾ ਕਰਨਾ ਹੈ।[4]

ਭਾਈ ਗੁਰਦਾਸ ਇਸ ਤੱਥ ਨੂੰ ਸਮਝਦਾ ਹੋਇਆ ਗੁਰਬਾਣੀ ਵਿਚ ਪ੍ਰਸਤੁਤ ਹੋਏ ਵਿਭਿੰਨ ਮੁੱਲਾਂ ਦੀ ਸਭਿਆਚਾਰਕ ਪੱਧਰ ਤੇ ਸਰਲ ਅਤੇ ਸੁਖੈਨਮਈ ਸ਼ੈਲੀ ਵਿਚ ਵਿਆਖਿਆ ਕਰਦਾ ਹੈ।[5]

ਭਾਈ ਸਾਹਿਬ ਦੀਆਂ ਵਾਰਾਂ ਆਦਿ ਗ੍ਰੰਥ ਦੇ ਮੋਤੀ ਸਿਧਾਂਤਾਂ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਵਿਚ ਪੂਰਨ ਭਾਂਤ ਸਫਲ ਹਨ।

ਭਾਈ ਗੁਰਦਾਸ ਨੇ ਇਨ੍ਹਾਂ ਇਕਤਾਲੀ ਵਾਰਾਂ ਦੀ ਅੰਗੂਠੀ ਵਿਚ ਆਦਿ ਗ੍ਰੰਥ ਦੇ ਅਨਮੋਲਕ ਹੀਰਿਆਂ ਨੂੰ

ਜੜ ਦਿੱਤਾ ਹੈ।[6]

ਭਾਈ ਸਾਹਿਬ ਨੂੰ ਪੜ੍ਹਨਾ ਗੁਰਬਾਣੀ ਦਾ ਇਕ ਹੋਰ ਕਵਿਤਾ ਵਿਚ ਉਲਥਾ ਪੜ੍ਹਨ ਵਾਲੀ ਗੱਲ ਹੈ। ਤਰਜ਼ਿ ਜ਼ਿੰਦਗੀ ਉਹੋ ਹੀ ਪ੍ਰਗਟ ਹੋ ਰਹੀ ਹੈ, ਮਸਲੇ ਉਹੋ ਹੀ ਬਿਆਨੇ ਜਾ ਰਹੇ ਹਨ, [illegible] ਓਹੀ ਵਿਖਾਏ ਜਾ ਰਹੇ ਹਨ, ਫਰਕ ਸਿਰਫ ਇਤਨਾ ਹੈ ਕਿ ਪੱਧਰ ਵੱਖਰੀ ਹੈ, ਪ੍ਰਚਾਰਕਾਂ ਦੀ ਤਰ੍ਹਾਂ ਜ਼ਿੰਦਗੀ ਦਾ ਆਦਰਸ਼ ਸਮਝਾਉਣ ਲੱਗਿਆਂ ਦ੍ਰਿਸ਼ਟਾਂਤਾਂ ਤੋਂ ਬਹੁਤ ਕੰਮ ਲਿਆ ਗਿਆ ਹੈ। ਮਿਸਾਲਾਂ ਵੀ ਉਹੀ ਹਨ। ਜੋ ਮਨ ਸਧਾਰਨ ਦੀ ਸਮਝ ਵਿਚ ਛੇਤੀ ਆ ਜਾਂਦੀਆਂ ਹਨ। ਜੋ ਬਿਆਨ ਕਰਦੇ ਹਨ, ਉਸਦਾ ਨਕਸ਼ਾ ਖੂਬ ਖਿੱਚਦੇ ਹਨ। ਬੋਲੀ ਵੀ ਠੇਠ ਅਤੇ ਠੋਸ ਹੈ, ਜੋ ਉਨ੍ਹਾਂ ਦੇ ਨਿਸ਼ਾਨੇ ਨੂੰ ਠੀਕ ਢੁਕਦੀ ਹੈ।[7]

ਗੁਰਮਤਿ ਵਿਆਖਿਆ ਵਿਚ ਜੁਟਾਏ ਗਏ ਯੋਗ ਤੇ ਢੁਕਵੇਂ ਦ੍ਰਿਸ਼ਟਾਂਤਾਂ ਦੇ ਆਧਾਰ ਤੇ ਵੀ ਭਾਈ ਸਾਹਿਬ ਦਾ ਦਰਜਾ ਗੁਰਮਤਿ ਵਿਆਖਿਆ ਵਿਚ ਉਚ ਪਾਏ ਦਾ ਹੋ ਨਿਬੜਦਾ ਹੈ।

ਗੁਰਬਾਣੀ ਵਿਚ ਜਿੱਥੇ ਅਧਿਆਤਮਕ ਅਨੁਭਵਾਂ ਦੇ ਵਰਨਣ ਸੰਕੇਤ-ਮਾਤਰ ਕੀਤੇ ਹਨ ਅਤੇ ਸੂਖਮ ਭਾਵ ਗੁੱਝੇ ਰਹਿ ਗਏ ਹਨ, ਭਾਈ ਗੁਰਦਾਸ ਜੀ ਨੇ ਆਪਣੀ ਕਵਿਤਾ ਵਿਚ ਗੁਰਬਾਣੀ ਅਤੇ ਗੁਰਮਤਿ ਦੇ ਮੁੱਖ ਸਿਧਾਂਤਾਂ ਨੂੰ ਸਧਾਰਨ ਅਤੇ ਘਰੋਗੀ ਪਰਮਾਣ, ਦ੍ਰਿਸ਼ਟਾਂਤਾਂ ਅਤੇ ਉਪਮਾ ਵਰਤਕੇ ਸਪਸ਼ਟ ਕਰਨ ਦਾ ਅਦੁੱਤੀ ਜਤਨ ਕੀਤਾ ਹੈ। ਭਾਈ ਸਾਹਿਬ ਦੀ ਕਵਿਤਾ, ਇਹ ਕਹਿਣਾ ਯੋਗ ਹੋਏਗਾ, ਗੁਰਬਾਣੀ ਤੇ ਗੁਰਮਤਿ ਦੀ ਪੂਰਨ ਵਿਆਖਿਆ ਹੈ, ਸੁਚੇਤ ਵੀ ਤੇ ਅਚੇਤ ਵੀ, ਸਪਸ਼ਟ ਵੀ ਤੇ ਸੁਝਾਊ ਵੀ। ਗੁਰਬਾਣੀ ਦੀਆਂ ਅਣਗਿਣਤ ਤੁਕਾਂ ਨੂੰ ਭਾਈ ਸਾਹਿਬ ਨੇ ਆਪਣੀ ਕਵਿਤਾ ਦਾ ਵਿਸ਼ੇਸ਼ਮਈ ਆਧਾਰ ਬਣਾਇਆ ਹੈ। ਇਨ੍ਹਾਂ ਵਾਰਾਂ ਵਿਚ ਗੁਰਬਾਣੀ ਦੀ ਸਮੁੱਚੀ ਭਾਵ-ਆਤਮਾ ਪ੍ਰਕਾਸ਼ਮਾਨ ਹੈ ਅਤੇ ਇੱਥੇ ਗੁਰਮਤਿ ਦੀ ਸਮੁੱਚੀ-ਸਿਧਾਂਤ ਫਿਲਾਸਫੀ ਪੂਰਨ ਭਾਂਤ ਕਾਵਿਕ ਢੰਗ ਨਾਲ ਬੁੱਧੀ ਨਿਆਇ ਨੀਤੀ ਨਾਲ ਵਿਦਮਾਨ ਹੈ। ਉਹ ਕਿਹੜਾ ਗੁਰਮਤਿ ਦਾ ਮੁਖੀ ਤੇ ਮੂਲਕ ਸਿਧਾਂਤ ਹੈ ਜਿਸ ਦਾ ਕਾਵਿਮਈ ਵਿਸ਼ਲੇਸ਼ਣ ਭਾਈ ਗੁਰਦਾਸ ਜੀ ਨੇ ਨਹੀਂ ਕੀਤਾ।[8]

ਭਾਈ ਗੁਰਦਾਸ ਜੀ ਦੀ ਗੁਰਬਾਣੀ ਦੀ ਵਿਆਖਿਆ ਪੂਰਨ ਭਾਂਤ ਪਕੇਰੀ ਹੈ। ਆਪ ਸਚਮੁੱਚ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਹਨ। ਉਹ ਵੀ ਲਾਸਾਨੀ ਵਿਆਖਿਆਕਾਰ। ਉਨ੍ਹਾਂ ਦਾ ਪਿਛੋਕੜ ਗੁਰਮਤਿ ਸਿਧਾਂਤਾਂ, ਨਿਰਣਿਆ ਤੇ ਨੁਕਤਿਆਂ ਨਾਲ ਪੂਰੀ ਤਰ੍ਹਾਂ ਮਾਲਾ ਮਾਲ ਸੀ। ਸੋ ਉਨ੍ਹਾਂ ਦੀਆਂ ਵਾਰਾਂ ਠੀਕ ਹੀ ਬਾਣੀ ਦੀ ਕੁੰਜੀ, ਬਾਣੀ ਦਾ ਰਹੱਸ, ਬਾਣੀ ਦੀ ਰਮਜ਼ ਹੋ ਨਿਬੜੀਆਂ ਹਨ।

ਇਨ੍ਹਾਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਐਵੇਂ ਨਹੀਂ ਕਿਹਾ ਗਿਆ। ਇਨ੍ਹਾਂ ਵਿਚ ਅਟੱਲ ਸੱਚਾਈ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ਾ ਇਕ ਬੰਨੇ ਤੇ ਗੁਰਬਾਣੀ ਦੀ ਵਿਆਖਿਆ ਹੈ, ਦੂਜੇ ਬੰਨੇ ਇਹ ਗੁਰੂ ਵਿਅਕਤੀਆਂ ਦੇ ਜੀਵਨ ਅਤੇ ਗੁਰਸਿੱਖੀ ਦੇ ਮਾਰਗ ਨਾਲ ਜੁੜਿਆ ਹੋਇਆ ਹੈ। ਭਾਈ ਗੁਰਦਾਸ ਗੁਰਮਤਿ ਦੀ ਰਹਿਣੀ ਬਹਿਣੀ, ਕਰਨੀ ਅਤੇ ਕਥਨੀ ਤੋਂ ਭਲੀ ਪ੍ਰਕਾਰ ਪ੍ਰਚਿਤ ਸਨ। ਇਹੋ ਕਾਰਨ ਹੈ ਕਿ ਆਪ ਨੇ ਵਾਰਾਂ ਵਿਚ ਇਨ੍ਹਾਂ ਵਿਸ਼ਿਆਂ ਉੱਪਰ ਖੁਲ੍ਹ ਕੇ ਵਿਚਾਰ ਕੀਤੀ ਹੈ। ਸੋ ਇਨ੍ਹਾਂ ਮਸਲਿਆਂ ਦਾ ਭਾਈ ਗੁਰਦਾਸ ਪਹਿਲਾ ਵਿਆਖਿਆਕਾਰ ਹੈ। ਭਾਈ ਸਾਹਿਬ ਨੇ ਗੁਰਬਾਣੀ ਦੇ ਪੁਰਾਤਨ ਛੰਦਾਂ ਦੀ ਥਾਂ ਲੋਕ ਪ੍ਰਚਲਿਤ ਛੰਦਾਂ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੇ ਸਾਹਿਤਕ ਅਤੇ ਸਭਿਆਚਾਰਕ ਭੰਡਾਰ ਵਿਚੋਂ ਅਖਾਣ, ਮੁਹਾਵਰੇ ਅਤੇ ਲੋਕ ਕਥਾਵਾਂ ਨੂੰ ਚੁਣਿਆ ਹੈ। ਇਹੀ ਕਾਰਣ ਹੈ ਕਿ ਭਾਈ ਸਾਹਿਬ ਨੇ ਜੋ ਕੁਝ ਵੀ ਲਿਖਿਆ ਹੈ, ਉਹ ਸਪਸ਼ਟ ਰੂਪ ਵਿਚ ਸਮਝ ਆ ਜਾਂਦਾ ਹੈ।[9]

ਭਾਈ ਸਾਹਿਬ ਦਾ ਵਾਤਾਵਰਣ ਐਸਾ ਸੀ ਕਿ ਉਨ੍ਹਾਂ ਨੂੰ ਗੁਰਮਤਿ ਦੀ ਪੂਰਨ ਸਮਝ ਸੂਝ ਦੀ ਬਖਸ਼ਿਸ਼ ਸੀ। ਐਵੇਂ ਤਾਂ ਬਾਣੀ ਦੀ ਵਿਆਖਿਆ ਨਹੀਂ ਹੋ ਸਕਦੀ।

ਭਾਈ ਗੁਰਦਾਸ ਜੀ ਨੇ ਗੁਰਮਤਿ ਨੂੰ ਨਿਰੋਲ ਰੂਪ ਵਿਚ ਸਮਝਿਆ, ਪਰਤਾਇਆ, ਕਮਾਇਆ ਅਤੇ ਆਪਣੀ ਕਵਿਤਾ ਵਿਚ ਸਮਝਾਇਆ ਹੈ। ਉਹ ਗੁਰਮਤਿ ਦੇ ਸਹੀ ਪ੍ਰਗਟਾਊ ਹਨ। ਭਾਈ ਸਾਹਿਬ ਗੁਰਮਤਿ ਕਵੀ ਹਨ ਅਤੇ ਨਿਰੋਲ ਗੁਰਮਤਿ ਕਵੀ। ਉਹ ਆਦਰਸ਼ਕ ਕਵੀ ਹਨ, ਆਦਰਸ਼ਕ ਵਾਤਾਵਰਣ ਵਿਚ ਉਨ੍ਹਾਂ ਨੇ ਆਪਣਾ ਕਾਵਿ ਰਚਿਆ ਅਤੇ ਸ਼ਾਇਦ ਇਹ ਕਹਿਣਾ ਠੀਕ ਹੈ ਕਿ ਉਨ੍ਹਾਂ ਤੋਂ ਬਾਅਦ ਅਜਿਹੀ ਗੁਰਮਤਿ ਵਿਆਖਿਆ ਨਹੀਂ ਹੋ ਸਕੀ; ਤੇ ਨਾ ਹੀ ਸ਼ਾਇਦ ਹੋ ਸਕੇ।[10]

ਗੁਰਮਤਿ ਦਾ ਜੀਵਨ ਹੀ ਭਾਈ ਸਾਹਿਬ ਦਾ ਆਪਣਾ ਜੀਵਨ ਹੈ। ਗੁਰਮਤਿ ਤੋਂ ਪਰੇ, ਉਹ ਜਾ ਹੀ ਨਹੀਂ ਸਕਦੇ ਸਨ।

ਗੁਰਮਤਿ ਨੂੰ ਉਨ੍ਹਾਂ ਨੇ ਜੀਵਨ ਵਿਚ ਤੇ ਆਪਣੀ ਕਵਿਤਾ ਵਿਚ ਪੂਰਨ ਸਫਲਤਾ ਨਾਲ ਨਿਭਾਇਆ ਹੈ। ਉਹ ਜੀਵਨ ਕਲਾ ਅਤੇ ਕਾਵਿ ਕਲਾ ਦੁਹਾਂ ਵਿਚ ਨਿਪੁੰਨ

ਸਨ।[11]

ਗੁਰਮਤਿ ਆਪਣੇ ਆਪ ਵਿਚ ਇਕ ਮਹਾਨ ਵਿਸ਼ਾ ਹੈ, ਫਿਰ ਭਾਈ ਗੁਰਦਾਸ ਜੀ ਵਰਗੇ ਸੰਤ-ਕਵੀ ਦੇ ਹੱਥਾਂ ਵਿਚ ਇਹ ਹੋਰ ਵੀ ਮਹਾਨ ਬਣ ਜਾਂਦਾ ਹੈ। ਇਥੇ ਭਾਈ ਗੁਰਦਾਸ ਜੀ ਦੀ ਕਵਿਤਾ ਵਿਚ ਗੁਰਮਤਿ ਦਾ ਸਾਹਿਤਕ ਪ੍ਰਕਾਸ਼ ਨਿਰੀ ਕਥਨੀ ਨਹੀਂ, ਮਾਨਸਿਕ ਦਿਲ ਪ੍ਰਚਾਵਾ ਨਹੀਂ, ਸਗੋਂ ਇਕ ਮਹਾਨ ਆਤਮਾ ਦੀਆਂ ਗੌਰਵਤਾ ਭਰੀਆਂ ਡੂੰਘਾਈਆਂ ਵਿਚੋਂ ਨਿਕਲੇ ਮਨੋਹਰ ਬਚਨ ਹਨ, ਜਿਵੇਂ ਅਥਾਹ ਸਾਗਰ ਵਿਚੋਂ ਅਮੁੱਲੇ ਮੋਤੀ ਨਿਕਲੇ ਹੋਣ। ਇਹ ਸਾਧ-ਬਚਨ, ਅਟੱਲ ਬਚਨ ਹਨ। ਇਨ੍ਹਾਂ ਦੀ ਸੱਚਾਈ ਸਦੀਵੀ ਸਚਾਈ ਹੈ, ਇਨ੍ਹਾਂ ਦੀ ਕਵਿਤਾ ਅਮਰ ਕਵਿਤਾ ਹੈ।[12]

ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਪਦਵੀ ਵਾਲੀ ਅਧਿਆਤਮਕ ਕਵਿਤਾ ਨੂੰ ਗੁਰਬਾਣੀ ਦੀ ਕੁੰਜੀ ਆਖਕੇ ਇਕ ਅਤ ਉੱਚੀ ਵਡਿਆਈ ਬਖਸ਼ੀ ਹੈ। ਗੁਰਬਾਣੀ ਨੂੰ ਸਮਝਣਾ, ਵਿਚਾਰਨਾ ਜਾਂ ਗੁਰਮਤਿ ਦਾ ਠੀਕ ਅਨੁਭਵ ਕਰ ਸਕਣਾ, ਗੁਰਸਿੱਖੀ ਜੀਵਨ ਵਾਸਤੇ ਕਿੰਨਾ ਜ਼ਰੂਰੀ ਹੈ ਅਤੇ ਇਹ ਯੋਗਤਾ ਭਾਈ ਗੁਰਦਾਸ ਜੀ ਦੀ ਕਵਿਤਾ ਦਾ ਅਧਿਐਨ ਕੀਤੇ ਬਿਨਾ ਸੰਭਵ ਨਹੀਂ।[13]

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਹ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਤੋਂ ਬਾਅਦ ਗੁਰਗੱਦੀ ਦੂਸਰੇ ਗੁਰੂਆਂ ਕੋਲ੍ਹ ਸਹੀ ਤੌਰ ਤੇ ਹੱਕੀ ਤੌਰ ਤੇ ਹੀ ਆਈ ਹੈ। ਇਹ ਗੁਰਗੱਦੀ ਬੇਸ਼ੱਕ ਦੂਸਰੇ ਗੁਰੂ ਸਾਹਿਬਾਨਾਂ ਨੇ ਆਪਣੇ ਸਮੇਂ ਵਿਚ ਵੀ ਸ਼ਰਧਾ ਪੂਰਵਕ ਅਣਥਕ ਦਿਨ ਰਾਤ ਦੀ ਸੇਵਾ ਕਰਕੇ ਪ੍ਰਾਪਤ ਕੀਤੀ ਹੈ। ਜਿਵੇਂ ਪਹਿਲੀ ਵਾਰ ਵਿਚ ਹੀ ਚੌਥੇ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਵੇ ਉਤੇ ਕਥਨ ਕਰਦੇ ਲਿਖਦੇ ਹਨ-

*ਦਿਚੇ ਪੂਰਬ ਦੇਵਣਾ ਜਿਸ ਦੀ ਵਸਤ*
*ਤਿਸੇ ਘਰ ਆਵੈ॥*
*ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥*
*ਪੂਰਨ ਤਾਲ ਖਟਾਇਆ*
*ਅੰਮ੍ਰਿਤਸਰ ਵਿਚ ਜੋਤ ਜਗਾਵੈ॥*
*ਦਿਤਾ ਲਈਐ ਆਪਣਾ*
*ਅਣਦਿਤਾ ਕਛੁ ਹਥ ਨ ਆਵੈ॥*
*ਘਰ ਹੀ ਕੀ ਵਥ ਘਰੇ ਰਹਾਵੈ॥*

ਭਾਈ ਜੀ ਨੇ ਆਪਣੀ ਦਸਵੀਂ ਵਾਰ ਵਿਚ ਮਿਥਿਹਾਸਕ ਹਵਾਲਿਆਂ ਨੂੰ ਸਪਸ਼ਟ ਕਰਨ ਲਈ ਆਪਣੀ ਵਿਆਖਿਆ ਦਿੱਤੀ ਹੈ। ਭਾਈ ਸਾਹਿਬ ਦਾ ਮਿੱਥ ਅਧਿਐਨ ਵੀ ਬਹੁਤ ਪ੍ਰਪੱਕ ਸੀ। ਉਨ੍ਹਾਂ ਦੇ ਇਸ ਅਧਿਐਨ ਉੱਤੇ ਹੀ ਡਾ. ਕੁਲਵੰਤ ਸਿੰਘ ਹੋਰਾਂ ਨੇ ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ ਪੁਸਤਕ ਲਿਖੀ ਹੈ। ਗਿਆਰਵੀਂ ਵਾਰ ਵਿਚ ਉਨ੍ਹਾਂ ਨੇ ਗੁਰੂਆਂ ਦੇ ਅਨਿਨ ਸਿੱਖਾਂ ਦੇ ਸੰਖੇਪ ਰੂਪ ਵਿਚ ਹਵਾਲੇ ਦਿੱਤੇ ਹਨ। ਸਿੱਖਾਂ ਦੇ ਹਵਾਲੇ ਬਾਣੀ ਵਿਚ ਵੀ ਸੰਕੇਤ ਮਾਤਰ ਆਉਂਦੇ ਹਨ। ਉਨ੍ਹਾਂ ਦੇ ਜੀਵਨ ਜਾਨਣ ਨਾਲ ਬਾਣੀ ਦੇ ਸੰਕੇਤ ਮਾਤਰ ਹਵਾਲੇ ਸਪਸ਼ਟ ਹੋ ਆਉਂਦੇ ਹਨ। ਇਹ ਕਾਰਜ ਭਾਈ ਸਾਹਿਬ ਨੇ ਹੀ ਆਸਾਨ ਕੀਤਾ ਹੈ। ਇਸੇ ਤਰ੍ਹਾਂ ਆਪ ਜੀ ਨੇ ਭਗਤ ਕਵੀਆਂ ਬਾਰੇ ਵੀ ਖੋਲ੍ਹਕੇ ਲਿਖਿਆ ਹੈ। ਜਿਵੇਂ ਧੰਨੇ ਭਗਤ ਬਾਰੇ ਵਾਰ ਦਸਵੀਂ ਪਉੜੀ 13 ਵਿਚ ਦਿੱਤਾ ਗਿਆ ਹੈ। ਇਸ ਦਸਵੀਂ ਵਾਰ ਵਿਚ ਆਪ ਜੀ ਨੇ ਧਰੂ, ਪ੍ਰਹਿਲਾਦ, ਬਾਲੀਰਾਜੇ ਦਾ ਬਾਵਨ ਰੂਪ ਤੋਂ ਛਲਿਆ ਜਾਣਾ, ਅੰਬਰੀਕ ਤੇ ਦੁਰਭਾਸ਼ਾ ਰਿਸ਼ੀ ਦੀ ਵਾਰਤਾ, ਜਨਕ ਕਥਾ, ਬਿਆਸ, ਬਿਆਸ ਦੇ ਪੁੱਤਰ ਸੁਖਦੇਵ, ਬਿਆਸ ਪੁੱਤਰ ਬਿਦਰ ਤੇ ਕ੍ਰਿਸ਼ਨ ਕਥਾ, ਦ੍ਰੋਪਤੀ ਦੀ ਲਾਜ ਦੀ ਕਥਾ, ਇੰਦਰ ਅਹੱਲਿਆ ਦੀ ਕਥਾ, ਰਿਸ਼ੀ ਗੌਤਮ ਦੇ ਇੰਦਰ ਨੂੰ ਸ਼ਰਾਪ ਦੀ ਕਥਾ, ਨਾਮਦੇਵ ਤੇ ਤਰਲੋਚਨ ਭਗਤ ਦੀ ਸਾਖੀ, ਜੈ ਦੇਵ, ਬੇਣੀ, ਰਾਮਾਨੰਦ, ਕਬੀਰ ਰਵਿਦਾਸ, ਬਾਲਮੀਕ, ਭਗਤ ਅਜਾਮਲ, ਪਾਪਣ ਗਣਕਾ, ਪੂਤਨਾ ਦਾਈ ਤੇ ਕ੍ਰਿਸ਼ਨ ਆਦਿ ਉਤੇ ਵਾਰਾਂ ਵਿਚ ਲਿਖਿਆ। ਇਹ ਹਵਾਲੇ ਬਾਣੀ ਵਿਚ ਆਪ ਆਉਂਦੇ ਹਨ। ਇਸ ਤਰ੍ਹਾਂ ਗੁਰਬਾਣੀ ਨੂੰ ਆਪ ਜੀ ਨੇ ਆਮ ਲੋਕਾਂ ਦੀ ਸਮਝ ਗੋਚਰਾ ਕੀਤਾ।

ਐਸੀ ਹੀ ਭਾਈ ਸਾਹਿਬ ਨੇ ਕਠਿਨ ਘਾਲਣਾ ਘਾਲੀ ਹੈ। ਫਿਰ ਸਭ ਤੋਂ ਵੱਡੀ ਸੇਵਾ ਆਪ ਇਹ ਕਰਦੇ ਹਨ ਕਿ : ਠੀਕ ਹੈ ਗੁਰਬਾਣੀ ਵਿਚ ਆਇਆ ਹੈ ਕਿ ਪੂਤਨਾ ਦਾਈ ਕ੍ਰਿਸ਼ਨ ਜੀ ਨੂੰ ਦੁੱਧ ਪਿਆਉਣ ਆਈ ਜ਼ਹਿਰ ਪਿਆਉਂਦੀ ਮਾਰੀ ਗਈ ਅਤੇ ਤਰ ਗਈ। ਪਰ ਭਾਈ ਸਾਹਿਬ ਸਾਵਧਾਨ ਕਰਦੇ ਹਨ ਕਿ ਐਸਾ ਕਰਨਾ ਕੰਮ ਚੰਗਾ ਨਹੀਂ ਹੈ, ਇਹ ਹੈ ਤਾਂ ਪਾਪ। ਸੋ ਇਸ ਭਰਵਾਸੇ ਤਰਨਾ ਜਾਂ ਤਰਨ ਦੀ ਆਸ ਕਰਨੀ ਸਰਾਸਰ ਪਾਪ ਹੈ। ਇਉਂ ਹੀ ਭਾਵੇਂ ਵੇਸਵਾ ਗਣਕਾ ਤਰ ਗਈ ਹੈ, ਪਰ ਇਸ ਦਾ ਅਰਥ ਇਹ ਨਹੀਂ ਲੈ ਲੈਣਾ ਚਾਹੀਦਾ ਕਿ ਵੇਸ਼ਵਾਪੁਣਾ ਤਰਨ ਲਈ ਧਾਰਨ ਕੀਤਾ ਜਾਏ। ਗੁਰਬਾਣੀ ਕਦਾਚਿਤ ਐਸਾ ਭਾਵ ਪੈਦਾ ਕਰਨਾ ਆਪਣਾ ਮਨੋਰਥ ਨਹੀਂ ਮਿਥਦੀ। ਸੋ ਸਾਵਧਾਨ ਰਿਹਾ ਜਾਵੇ। ਕਿਤੇ ਗੁਰਬਾਣੀ ਦਾ ਅਰਥ ਗਲਤ ਨਾ ਲਿਆ ਜਾਏ। ਜੇ ਅਜਾਮਲ ਤਰਿਆ ਹੈ ਤਾਂ

ਆਪਣੀ ਪਿਛਲੀ ਭਗਤੀ ਕਰਕੇ ਤਾਰਿਆ ਹੈ। ਜੇ ਉਹ ਤਰ ਵੀ ਗਏ ਹਨ ਤਾਂ ਉਨ੍ਹਾਂ ਦਾ ਮੁਲ ਦੂਜੇ ਭਗਤਾਂ ਜਿੰਨਾ ਨਹੀਂ ਹੋ ਸਕਦਾ। ਠੀਕ ਹੈ ਕਿ ਜਹਾਜ ਸੋਨੇ ਤੇ ਲੋਹੇ ਨੂੰ ਸਾਗਰੋਂ ਪਾਰ ਉਤਾਰ ਦੇਂਦਾ ਹੈ, ਪਰ ਜੋ ਮੁਲ ਸੋਨੇ ਦਾ ਪੈਣਾਂ ਹੈ ਉਹ ਮੁਲ ਲੋਹੇ ਦਾ ਨਹੀਂ ਪੈਣਾ। ਸੋ ਭਾਈ ਸਾਹਿਬ ਮਾਨੋਂ ਕਿ ਕਹਿ ਰਹੇ ਹਨ ਕਿ ਸੋਨਾ ਬਣਨਾ ਹੈ, ਲੋਹਾ ਨਹੀਂ।

ਗੁਰੂ ਸਾਹਿਬਾਂ ਦੇ ਘਰਾਂ ਦੀਆਂ ਕੂੰਜੀਆਂ ਭਾਈ ਸਾਹਿਬ ਪਾਸ ਹੀ ਹੋਇਆ ਕਰਦੀਆਂ ਸਨ। ਇਸੇ ਕਰਕੇ ਗੁਰਬਾਣੀ ਦੀ ਕੁੰਜੀ ਵੀ ਭਾਈ ਸਾਹਿਬ ਦੀ ਬਾਣੀ ਨੂੰ ਸੌਂਪੀ ਗਈ। ਕੇਵਲ ਸੌਂਪੀ ਹੀ ਨਹੀਂ ਗਈ ਸਗੋਂ ਜਿਵੇਂ ਯੋਗਤਾ ਨਾਲ ਪ੍ਰਾਪਤ ਹੋਈ ਜਿਵੇਂ ਗੁਰੂ ਸਾਹਿਬਾਨਾਂ ਨੇ ਬਾਬਾ ਨਾਨਕ ਦੀ ਗੁਰਗੱਦੀ ਯੋਗਤਾ ਹਾਸਲ ਕਰਕੇ ਪ੍ਰਾਪਤ ਕੀਤੀ।

ਜਿਸ ਕਵੀ ਦੇ ਬੋਲ ਅਮਰ ਹੋਣ, ਉਸ ਦਾ ਸਥਾਨ ਵੀ ਦੈਵੀ ਹੋਵੇਗਾ। ਵਿਸ਼ੇ ਵਸਤੂ ਤੇ ਅਮਰਾਪਦ ਨੂੰ ਮੁੱਖ ਰੱਖਕੇ ਹੀ ਭਾਈ ਗੁਰਦਾਸ ਦਾ ਸਥਾਨ ਮਹਾਨ ਤੇ ਨਵੇਕਲਾ ਹੈ। ਆਪ ਦੀ ਵਿਜਈ ਕਾਵਿ ਸ਼ੈਲੀ ਵਿਚ ਆਦਿ ਗ੍ਰੰਥ ਦੇ ਸ਼ਬਦਾਂ ਦੀ ਧੁਨੀ ਤੇ ਗੂੰਜ ਸੁਣੀਂਦੀ ਹੈ। ਭਾਈ ਗੁਰਦਾਸ ਮਧ ਕਾਲੀਨ ਪੰਜਾਬ ਦੀ ਆਵਾਜ਼ ਹੈ। ਪੰਜਾਬ ਦੀ ਉਚੱਤਮ ਸੰਸਕ੍ਰਿਤੀ ਦੀ ਆਵਾਜ਼ ਹੈ। ਪੰਜਾਬ ਦੇ ਯੋਧਿਆਂ, ਸੂਰਮਿਆਂ ਅਤੇ ਅਣਖੀ ਵਸਨੀਕਾਂ ਦੀ ਲਲਕਾਰ ਹੈ। ਉਸ ਨੇ ਪੰਜਾਬ ਦੇ ਸ਼ਬਦ ਤੇ ਬੋਲ ਨੂੰ ਸਾਕਾਰ ਕੀਤਾ, ਸੁਰਜੀਤ ਕੀਤਾ, ਉਸ ਵਿਚ ਮਿੱਠਤ ਅਤੇ ਸ਼ੀਰਨੀ ਭਰੀ ਅਤੇ ਉਸ ਨੂੰ ਬਲਵਾਨ ਅਤੇ ਸ਼ਕਤੀਸ਼ਾਲੀ ਬਣਾਇਆ। ਵਾਰਾਂ ਰਾਹੀਂ ਪੰਜਾਬੀ ਅਧਿਆਤਮਕ ਭਾਵਾਂ, ਰੰਗਾਂ, ਰੂਪਾਂ, ਰਸਾਂ ਨੂੰ ਰੂਪਮਾਨ ਕੀਤਾ। ਨਿਰਸੰਦੇਹ ਭਾਈ ਗੁਰਦਾਸ ਮੱਧਕਾਲੀਨ ਪੰਜਾਬ ਕਾਵਿ ਦਾ ਉਹ ਗੌਰਵਮਈ ਹਸਤਾਖਰ ਹੈ, ਜਿਸ ਦੀ ਨਜ਼ਰ ਪੈਦਾ ਕਰਨ ਲਈ ਜ਼ਮਾਨੇ ਨੂੰ ਪਤਾ ਨਹੀਂ ਕਿੰਨੇ ਹੋਰ ਗੇੜਾਂ ਵਿਚੋਂ ਗੁਜਰਨਾ ਪਏਗਾ। ਉਸ ਦੀ ਕਾਵਿ ਕੀਰਤੀ ਨਿਆਰੀ ਅਤੇ ਅਦਭੁੱਤ ਹੈ।[14]

ਹਵਾਲੇ ਤੇ ਟਿੱਪਣੀਆਂ


1. ਚਾਨਣ ਸਿੰਘ ਨਿਰਮਲ, ਭਾਈ ਗਰਦਾਸ ਜੀ, ਸਾਹਿਤ ਸਾਗਰ ਦੇ ਮੋਤੀ, ਪੰਨੇ 41-42
2. ਗੁਰਚਰਨ ਸਿੰਘ, ਪੰਜਾਬੀ ਬੋਲੀ ਦਾ ਵਿਕਾਸ ਤੇ ਹੋਰ ਲੇਖ
3. ਦੀਵਾਨ ਸਿੰਘ, ਭਾਈ ਗੁਰਦਾਸ ਤੇ ਗੁਰਮਤਿ, ਗੁਰਮਤਿ ਵਿਚਾਰ, ਪੰਨਾ 204
4. ਰਤਨ ਸਿੰਘ ਜੱਗੀ, ਭਾਈ ਗੁਰਦਾਸ: ਜੀਵਨੀ ਤੇ ਰਚਨਾ, ਪੰਨਾ 105
5. ਗੁਰਦੀਪ ਸਿੰਘ ਪਖਾਰੀਵਾਲ, ਗੁਰਮਤਿ ਸਭਿਆਚਾਰ ਤੇ ਭਾਈ ਗੁਰਦਾਸ, ਪੰਨਾ 224
6. ਜੀਤ ਸਿੰਘ ਸੀਤਲ, ਭਾਈ ਗੁਰਦਾਸ: ਜੀਵਨ ਤੇ ਰਚਨਾ, ਪੰਨਾ 92
7. ਕਿਸ਼ਨ ਸਿੰਘ, ਭਾਈ ਗੁਰਦਾਸ: ਜੀਵਨ ਤੇ ਰਚਨਾ, ਪੰਨਾ 103
8. ਦੀਵਾਨ ਸਿੰਘ, ਭਾਈ ਗੁਰਦਾਸ ਤੇ ਗੁਰਮਤਿ, ਗੁਰਮਤਿ ਵਿਚਾਰ, ਪੰਨਾ 197
9. ਕਾਲਾ ਸਿੰਘ ਬੇਦੀ, ਪੰਜਾਬੀ ਸਾਹਿਤ ਦੇ ਦਸ ਪ੍ਰਮੁੱਖ ਸਾਹਿਤਕਾਰ, ਪੰਨੇ 79-80
10. ਦੀਵਾਨ ਸਿੰਘ, ਭਾਈ ਗੁਰਦਾਸ ਤੇ ਗੁਰਮਤਿ, ਗੁਰਮਤਿ ਵਿਚਾਰ, ਪੰਨਾ 198
11. ਉਹੀ, ਪੰਨਾ 197
12. ਉਹੀ
13. ਉਹੀ
14. ਬ੍ਰਹਮ ਜਗਦੀਸ਼ ਸਿੰਘ, ਵਾਰ ਕਾਵਿ ਵਿਚ ਭਾਈ ਗੁਰਦਾਸ ਦਾ ਸਥਾਨ, ਭਾਈ ਗੁਰਦਾਸ: ਰਚਨਾ ਸੰਸਾਰ, ਪੰਨਾ 100

# ਸਾਡਾ ਵਿਰਸਾ : ਸ਼ਬਦ ਕੀਰਤਨ 'ਚ ਟਿਕਾਊ

ਕੁਲਬੀਰ ਸਿੰਘ : Vancouver, B.C., Canada

ਕਿਸੇ ਸੁਪ੍ਰਸਿਧ ਕੀਰਤਨ ਵਕਤਾ ਜੀ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਆਖਿਆ ਕਿ ਕੀਰਤਨ ਕਰਦਿਆਂ ਉਨ੍ਹਾਂ ਦਾ ਮਨ ਟਿਕਾਅ ਵਿਚ ਨਹੀਂ ਆਉਂਦਾ। ਕੋਈ ਸੋਝੀ ਦੇਵੋ। ਅੱਗੋਂ ਭਾਈ ਸਾਹਿਬ ਜੀ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਕੀਰਤਨ ਕਿਸ ਨੂੰ ਸੁਣਾਉਂਦੇ ਹਨ। ਉੱਤਰ ਵਿਚ ਉਹ ਆਖਣ ਲੱਗੇ ਕਿ 'ਜੀ ਸੰਗਤਾਂ ਨੂੰ'। ਭਾਈ ਸਾਹਿਬ ਜੀ ਨੇ ਇਕ ਸੁਝਾਅ ਦਿੱਤਾ ਕਿ ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਅਕਾਲ ਪੁਰਖ ਅਤੇ ਗੁਰੂ ਦੀ ਉਸਤਤੀ ਜਾਂ ਬੇਨਤੀ ਵਾਲੀਆਂ ਤੁਕਾਂ ਗੁਰੂ ਮਹਾਰਾਜ ਨੂੰ ਸੁਣਾਇਆ ਕਰੋ ਅਤੇ ਉਪਦੇਸ਼ ਵਾਲੀਆਂ ਤੁਕਾਂ ਸਤਿਗੁਰਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੇ ਮਨ ਨੂੰ ਸੁਣਾਇਆ ਕਰੋ। ਇੰਜ ਕਰਕੇ ਦੇਖੋ ਮਨ ਟਿਕਾਅ ਵਿਚ ਸੌਖਾ ਆ ਸਕੇਗਾ।

ਆਮ ਦੇਖਣ ਵਿਚ ਆਉਂਦਾ ਹੈ ਕਿ ਜੇ ਸੰਗਤਾਂ ਦੀ ਹਾਜ਼ਰੀ ਥੋੜੀ ਹੋਵੇ ਤਾਂ ਕੀਰਤਨੀਏ ਭੀ ਢਿੱਲੇ ਢਿੱਲੇ ਹੋ ਕੇ ਕੀਰਤਨ ਉਚਾਰਨ ਕਰਦੇ ਹਨ ਅਤੇ ਜਦੋਂ ਸੰਗਤ ਦੀ ਹਾਜ਼ਰੀ ਵੱਧਦੀ ਜਾਂਦੀ ਹੈ ਕੀਰਤਨੀਏ ਭੀ ਨਾਲ ਨਾਲ ਸੁਚੇਤ ਹੋਈ ਜਾਂਦੇ ਹਨ। ਐਸੇ ਕੀਰਤਨ ਕਰਨ ਵਾਲਿਆਂ ਦਾ ਮੁੱਖ ਉਦੇਸ਼ ਕੀਰਤਨ ਕੇਵਲ ਸੰਗਤਾਂ ਨੂੰ ਸੁਨਾਉਣਾ ਹੀ ਹੁੰਦਾ ਹੈ। ਉਹ ਕੀਰਤਨ ਗੁਰੂ ਦੀ ਹਜ਼ੂਰੀ ਵਿਚ ਨਹੀ ਕਰ ਰਹੇ ਹੁੰਦੇ ਹਨ। ਇਸ ਲਈ ਕੀਰਤਨ ਕਰਨ ਵਾਲਿਆਂ ਤੇ ਸਰੋਤਿਆਂ ਨੂੰ ਰਸ ਵੀ ਘੱਟ ਆਉਂਦਾ ਹੈ। ਉਨ੍ਹਾਂ ਦਾ ਨਿਸ਼ਾਨਾ ਕੇਵਲ ਸੰਗਤਾਂ ਨੂੰ ਕੀਰਤਨ ਸੁਣਾ ਕੇ ਉਨ੍ਹਾਂ ਪਾਸੋਂ ਵਾਹ ਵਾਹ ਲੈਣੀ ਹੁੰਦੀ ਹੈ ਜੋ ਸ਼ਬਦ ਭੇਟ ਦੇ ਰੂਪ ਵਿਚ ਉਨ੍ਹਾਂ ਨੂੰ ਰਜਵੀਂ ਮਿਲ ਜਾਂਦੀ ਹੈ। ਜਿਨ੍ਹਾਂ ਕੀਰਤਨੀਆਂ ਨੇ ਕੀਰਤਨ ਦਾ ਪੂਰਾ ਰਸ ਮਾਨਣਾ ਹੋਵੇ ਤਾਂ ਉਹ ਹਰ ਹਾਲਤ ਵਿਚ ਕੀਰਤਨ, ਵਜਦ ਵਿਚ ਆ ਕੇ ਕਰਦੇ ਹਨ। ਸੰਗਤਾਂ ਦੀ ਹਾਜ਼ਰੀ ਭਾਵੇਂ ਥੋੜੀ ਹੋਵੇ, ਬਹੁਤੀ ਹੋਵੇ (ਭਾਵੇਂ ਨਾ ਭੀ ਹੋਵੇ), ਕੀਰਤਨ ਉਹ ਹਰ ਹਾਲਤ, ਗੁਰੂ ਦੀ ਹਾਜ਼ਰੀ ਵਿਚ ਹੀ ਕਰਦੇ ਹਨ। *ਉਸਤਤ ਅਤੇ ਬੇਨਤੀ ਦੀਆਂ ਤੁਕਾਂ ਸੁਰਤ ਰਾਹੀਂ ਆਪਣੇ ਸਤਿਗੁਰਾਂ ਨੂੰ ਸੁਣਾਉਂਦੇ ਹਨ ਅਤੇ ਉਪਦੇਸ਼ ਦੀਆਂ ਆਪਣੇ ਮਨ ਨੂੰ।*

ਐਸੀ ਬਿਰਤੀ ਦਾ ਮਾਹੌਲ ਪੈਦਾ ਕਰਨ ਵਾਸਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਜਿੱਥੇ ਮਨ ਦੀ ਅਵਸਥਾ ਨੂੰ ਉੱਚਾ ਕਰਨਾ ਹੁੰਦਾ ਹੈ ਉਥੇ ਆਪਣੇ ਤਨ ਦੀ ਅਵਸਥਾ ਭੀ ਠੀਕ ਰੱਖਣ ਨਾਲ ਲਾਭ ਹੁੰਦਾ ਹੈ। ਤਨ ਅਤੇ ਮਨ, ਦੋਨੋ ਵਧੇਰੇ ਨਿਮਰਤਾ ਵਿਚ ਟਿਕਣੇ ਚਾਹੀਦੇ ਹਨ। ਕੀਰਤਨੀਆਂ ਦੀ ਅਵਸਥਾ ਦਾ ਪ੍ਰਭਾਵ ਉਨ੍ਹਾਂ ਦੇ ਆਪਣੇ ਮਨ ਤੇ ਵੀ ਪੈਂਦਾ ਹੈ ਅਤੇ ਸਰੋਤਿਆਂ ਉਪਰ ਭੀ। ਜਿੱਥੇ ਕੀਰਤਨ ਵਕਤਾ ਦੇ ਸਾਦੇ ਤੇ ਸਵੱਛ ਬਸਤਰਾਂ ਦਾ ਪ੍ਰਭਾਵ ਵਾਤਾਵਰਨ ਤੇ ਪੈਂਦਾ ਹੈ ਉਥੇ ਦੀਵਾਨਾਂ ਵਿਚ ਕੀਰਤਨੀਆਂ ਦੇ ਬੈਠਣ ਦੀ ਥਾਂ ਦੀ ਵੀ ਬੜੀ ਮਹੱਤਤਾ ਹੈ।

ਸਭ ਪੁਰਾਤਨ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਕੀਰਤਨੀਆਂ ਦੀ ਵਿਛਾਈ (ਬੈਠਣ ਦੀ ਜਗ੍ਹਾ) ਹਮੇਸ਼ਾ ਗੁਰੂ ਮਹਾਰਾਜ ਦੇ ਪ੍ਰਕਾਸ਼ ਅਸਥਾਨ ਦੇ ਖੱਬੇ ਜਾਂ ਸੱਜੇ ਪਾਸੇ ਲੰਬ ਕੋਣ ਦੀ ਦਿਸ਼ਾ ਵਿਚ ਰਹੀ ਹੈ ਅਤੇ ਹੁਣ ਭੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਇਹੀ ਦਿਸ਼ਾ ਕਾਇਮ ਹੈ (ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੈ, ਜਾਂ ਤਰਨ ਤਾਰਨ ਸਾਹਿਬ, ਦਿੱਲੀ ਵਿਖੇ ਗੁਰਦੁਆਰਾ ਬੰਗਲਾ ਸਾਹਿਬ, ਸੀਸ ਗੰਜ ਸਾਹਿਬ, ਮੋਤੀ ਬਾਗ਼ ਆਦਿ ਦੇ ਗੁਰਦੁਆਰਿਆਂ ਵਿਚ ਰਾਗੀ ਸਿੰਘਾਂ ਦੇ ਅਸਥਾਨ ਹਨ।) ਇਸ ਵਿਛਾਈ ਦੀ ਦਿਸ਼ਾ ਪੁਰਾਤਨ ਪਰੰਪਰਾ ਅਨੁਸਾਰ ਸਤਿਗੁਰਾਂ ਦੇ ਪ੍ਰਕਾਸ਼ ਦੇ ਸਮਾਨ ਅੰਤਰ ਨਹੀਂ ਹੈ।


ਸੋ, ਕੀਰਤਨੀਆਂ ਦੇ ਬੈਠਣ ਦੀ ਜਗ੍ਹਾ ਗੁਰੂ ਮਹਾਰਾਜ ਦੀ ਬਰਾਬਰੀ ਦੀ ਸੇਧ, ਵਿਚ ਨਹੀਂ ਹੋਣੀ ਚਾਹੀਦੀ। ਅੱਗੇ ਨਾ ਕਦੇ ਐਸੀ ਦਿਸ਼ਾ ਵਿਚ ਕੀਰਤਨੀਏ ਬੈਠਦੇ ਸਨ ਅਤੇ ਨਾ ਹੀ ਹੁਣ ਬੈਠਣੇ ਜਾਂ ਬਿਠਾਉਣੇ ਚਾਹੀਦੇ ਹਨ। ਇਹ ਹਮੇਸ਼ਾ ਬਾਬਾ ਜੀ ਦੇ ਖੱਬੇ ਪਾਸੇ ਬੈਠਦੇ ਰਹੇ ਹਨ। ਹੁਣ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਗੁਰਦੁਆਰਿਆਂ ਜਾਂ ਦੀਵਾਨ ਅਸਥਾਨਾਂ ਵਿਚ ਕੀਰਤਨੀਆਂ ਦੀ ਸਟੇਜ ਦੀ ਦਿਸ਼ਾ ਗੁਰੂ ਪ੍ਰਕਾਸ਼ ਦੇ ਬਰਾਬਰੀ ਦੀ ਸੇਧ ਤੇ ਅਥਵਾ ਸਮਾਨ ਅੰਤਰ ਜਾਂ ਥੋੜੀ ਤਿਰਛੀ ਕਰਕੇ ਲੱਗਣੀ ਸ਼ੁਰੂ ਹੋ ਗਈ ਹੈ। ਇਸ ਤਰ੍ਹਾਂ ਕੀਤਿਆਂ ਗੁਰੂ ਦੇ ਕੀਰਤਨੀਆਂ ਦੀ ਪਰਧਾਨਤਾ ਸ੍ਰੀ ਗੁਰੂ ਮਹਾਰਾਜ ਜੀ, ਜਿਨ੍ਹਾਂ ਦੀ ਹਜ਼ੂਰੀ ਵਿਚ ਉਹ ਕੀਰਤਨ ਕਰਦੇ ਹੋਣ ਚਾਹੀਦੇ ਹਨ, ਦੀ ਪ੍ਰਧਾਨਤਾ ਦੇ ਬਰਾਬਰ, ਬਲਕਿ ਵਡੇਰੀ ਪ੍ਰਗਟ ਹੁੰਦੀ ਹੈ ਜਾਂ

ਬਣ ਜਾਂਦੀ ਹੈ। ਕਈ ਵਾਰੀ ਕੀਰਤਨੀਏ ਆਪਣੀ ਬਿਰਤੀ ਵਿਚ, ਆਪਣੇ ਆਪ ਨੂੰ ਗੁਰੂ ਦੇ ਕੀਰਤਨੀਏ ਘੱਟ, ਪ੍ਰੰਤੂ ਸੰਗਤਾਂ ਦਾ ਮੁੱਖ ਸੰਬੋਧਿਕ ਵਧੇਰੇ ਸਮਝਣ ਲੱਗ ਪੈਂਦੇ ਹਨ। ਇਸ ਗਲਤ ਥਾਂ ਦੀ ਬੈਠਕ ਨਾਲ ਉਨ੍ਹਾਂ ਦੀ ਐਸੀ ਬਿਰਤੀ ਸੁਭਾਵਕ ਹੀ ਬਣ ਸਕਦੀ ਹੈ ਜਾਂ ਬਣ ਜਾਂਦੀ ਹੈ। ਕੁਦਰਤੀ ਗੱਲ ਹੈ ਕਿ ਕੀਰਤਨ ਕਰਨ ਵਾਲਿਆਂ ਦਾ ਧਿਆਨ ਸਤਿਗੁਰਾਂ ਦੀ ਹਜ਼ੂਰੀ ਵਲੋਂ ਉਖੜ ਕੇ ਸਤਿਗੁਰਾਂ ਦੀ ਸੰਗਤ ਨੂੰ ਸੰਬੋਧਨ ਕਰਨ ਵਿਚ ਹੀ ਲੱਗ ਜਾਂਦਾ ਹੈ। ਜਦੋਂ ਕੀਰਤਨੀਏ ਅਥਵਾ ਰਾਗੀ ਸਿੰਘ ਇਸ ਦਸ਼ਾ ਅਤੇ ਇਸ ਦਿਸ਼ਾ ਵਿਚ ਬੈਠੇ ਹੁੰਦੇ ਹਨ ਤਾਂ ਸੰਗਤਾਂ ਦਾ ਧਿਆਨ ਵੀ ਗੁਰੂ ਪ੍ਰਕਾਸ਼ ਦੇ ਦਰਸ਼ਨਾਂ ਤੋਂ ਉਖੜ ਕੇ ਕੀਰਤਨੀਆਂ ਦੇ ਮੁਖਾਰਬਿੰਦ ਜਾਂ ਉਨ੍ਹਾਂ ਦੀਆਂ ਅਦਾਇਗੀ ਹਰਕਤਾਂ ਵੱਲ ਜ਼ਿਆਦਾ ਹੋ ਜਾਂਦਾ ਹੈ। ਸੋ ਗੁਰੂ ਦੇ ਕੀਰਤਨੀਆਂ ਦੇ ਬੈਠਣ ਜਾਂ ਉਨ੍ਹਾਂ ਨੂੰ ਬਿਠਾਉਣ ਦੀ ਵਿਛਾਈ ਦੀ ਦਿਸ਼ਾ ਪੁਰਾਤਨ ਵਿਰਸੇ ਅਨੁਸਾਰ ਕਾਇਮ ਰੱਖਣੀ ਚਾਹੀਦੀ ਹੈ। ਇਸ ਨੂੰ ਬਦਲਣਾ ਠੀਕ ਨਹੀਂ ਹੈ ਅਤੇ ਗੁਰੂ ਦੀ ਹਜ਼ੂਰੀ ਵਿਚ ਹੀ ਗੁਰੂ ਦੀ ਵਡਿਆਈ ਦੀ ਪ੍ਰਗਟਤਾ ਨੂੰ ਮੱਧਮ ਪਾਉਣਾ ਹੈ।

ਜਿਹੜੇ ਕੀਰਤਨੀਏ ਇਸ ਗੱਲ ਨੂੰ ਸਮਝਦੇ ਹਨ ਕਿ ਉਨ੍ਹਾਂ ਨੇ ਕੀਰਤਨ ਗੁਰੂ ਦੀ ਹਜ਼ੂਰੀ ਵਿਚ ਬੈਠ ਕੇ ਕਰਨਾ ਹੈ, ਉਹ ਗੁਰੂ ਮਹਾਰਾਜ ਦੀ ਬਰਾਬਰੀ ਤੇ ਲੱਗੀ ਸਟੇਜ ਤੇ ਬੈਠਣ ਤੋਂ ਪਰਹੇਜ਼ ਕਰਦੇ ਹਨ ਅਤੇ ਸੁਰਤ ਰਾਹੀਂ ਉਸਤਤੀ ਅਤੇ ਬੇਨਤੀ ਦੀਆਂ ਤੁਕਾਂ ਸਤਿਗੁਰਾਂ ਨੂੰ, ਉਪਦੇਸ਼ ਦੀਆਂ ਆਪਣੇ ਮਨ ਨੂੰ ਸੁਣਾਉਂਦੇ ਹਨ।

### ਕੀਰਤਨੀਆਂ ਦੇ ਬੈਠਣ ਵਾਲੀ ਦਿਸ਼ਾ ਦੇ ਚਿੱਤਰ ਦਾ ਵੇਰਵਾ

ਕੀਰਤਨੀਆਂ ਪ੍ਰਤੀ ਸੁਝਾਅ (ਬੇਨਤੀ) ਹੈ ਕਿ ਸ਼ਬਦ ਕੀਰਤਨ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ (ਹੇਠਾਂ ਦਿੱਤੀ ਦਿਸ਼ਾ ਨੰ: 3 ਤੇ) ਬੈਠ ਕੇ ਹੀ ਕੀਤਾ ਕੀਰਤਨ। ਇੰਜ ਕੀਰਤਨ ਦਾ ਰਸ ਵਧੇਰੇ ਬਣਦਾ ਹੈ। ਦਿਸ਼ਾ ਨੰ: 1 ਅਤੇ 2 ਵਿਚ ਬੈਠਣ ਨਾਲ ਕੀਰਤਨੀਏ ਸੰਗਤਾਂ ਦੇ ਸੰਬੋਧਿਕ ਹੀ ਬਣ ਬੈਠਦੇ ਹਨ ਅਤੇ ਗੁਰੂ ਘਰ ਦੇ ਕੀਰਤਨੀਏ ਹੋਣੋਂ ਘੱਟ ਦਿਸਦੇ ਹਨ।




ਨੰ: 2 ਵਿਚ ਕੀਰਤਨੀਆਂ ਦੀ ਵਿਛਾਈ ਤਿਰਛੇ ਦਾਅ ਦੇ ਹੀ ਹੈ। ਇਹ ਪਰੰਪਰਾ ਅਨੁਸਾਰ ਠੀਕ ਨਹੀਂ ਹੈ।

ਨੰ: 3 ਕੀਰਤਨੀਆਂ ਦੇ ਬੈਠਣ ਦੀ ਇਹ ਦਿਸ਼ਾ ਪਰੰਪਰਾ ਅਨੁਸਾਰ ਦਰੁਸਤ ਹੈ। ਲੋੜ ਅਨੁਸਾਰ ਇਹ ਅਸਥਾਨ ਸਾਹਮਣੇ ਖੱਬੇ ਪਾਸੇ ਵੀ ਕੀਤਾ ਜਾ ਸਕਦਾ ਹੈ ਜੀ।

ਨੰ: 1 ਗੁਰੂ ਮਹਾਰਾਜ ਜੀ ਦੀ ਬਰਾਬਰੀ ਅਤੇ ਸਮਾਨਅੰਤਰ ਵਿਚ ਕੀਰਤਨੀਆਂ ਦਾ ਇਹ ਅਸਥਾਨ ਬਿਲਕੁਲ ਉਚਿਤ ਨਹੀਂ ਹੈ।

ਪ੍ਰਕਾਸ਼ ਅਸਥਾਨ ਅਤੇ ਕੀਰਤਨੀਆਂ ਦੀ ਸਟੇਜ ਵਿਚਕਾਰ ਲਾਂਘ ਨਹੀਂ ਹੋਣਾ ਚਾਹੀਦਾ।

# ਪੁਸਤਕ ਸਮੀਖਿਆ

ਉਤਮ ਸਿੰਘ : 409, ਫੇਜ਼ 3ਬੀ-1, ਮੁਹਾਲੀ

**ਪੁਸਤਕ** : ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ਦੂਜਾ) **ਸੰਪਾਦਕ** : ਭਾਈ ਸੁਖਵੰਤ ਸਿੰਘ

**ਪ੍ਰਕਾਸ਼ਕ** : ਬਾਬਾ ਜਰਨੈਲ ਸਿੰਘ, ਮੁਖੀ ਜਵੱਦੀ ਟਕਸਾਲ, ਲੁਧਿਆਣਾ

**ਐਡੀਸ਼ਨ** : 2003 · **ਮੁੱਲ** : 200 ਰੁਪਏ

ਇਸ ਗ੍ਰੰਥ ਦਾ ਪਹਿਲਾ ਭਾਗ ਗੁਰਮਤਿ ਸੰਗੀਤ ਦੀਆਂ ਕ੍ਰਿਆਤਮਕ ਰਚਨਾਵਾਂ ਦਾ ਸੰਗ੍ਰਹਿ ਸੀ ਜਿਸ ਵਿਚ ਵੱਖ-ਵੱਖ ਪ੍ਰਸਿੱਧ ਅਤੇ ਉੱਚ ਕੋਟੀ ਦੇ ਰਾਗੀ ਸਿੰਘਾਂ/ਸੰਗੀਤਕ ਕਲਾਕਾਰਾਂ ਦੁਆਰਾ ਜਵੱਦੀ ਵਿਖੇ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਨਿਰਧਾਰਤ (31) ਰਾਗਾਂ ਵਿਚ ਗਾਏ ਗਏ 120 ਸ਼ਬਦਾਂ ਦੀਆਂ ਬੰਦਸ਼ਾਂ/ਗੀਤਾਂ ਵਿਚ 61 ਸ਼ਬਦਾਂ ਦੀਆਂ ਗੀਤਾਂ ਨੂੰ ਸੁਣਕੇ ਲਿਪੀਬੱਧ ਕਰਵਾਕੇ "ਵਿਸਮਾਦ ਨਾਦ" ਨੇ ਪ੍ਰਕਾਸ਼ਿਤ ਕੀਤਾ। ਇਨ੍ਹਾਂ 61 ਸ਼ਬਦਾਂ/ਗੀਤਾਂ ਦੀ ਚੋਣ ਵਿਸ਼ੇਸ਼ ਤੌਰ ਤੇ ਸੰਗਠਿਤ ਕੀਤੀ ਗਈ "ਰਾਗ ਨਿਰਣਾਇਕ ਕਮੇਟੀ ਦੁਆਰਾ ਕੀਤੀ ਗਈ। ਇਸ ਕਮੇਟੀ ਦੇ ਮੈਂਬਰਾਂ ਨੇ ਆਪਣੀ ਸੂਝ ਬੂਝ ਅਨੁਸਾਰ ਉਨ੍ਹਾਂ ਸ਼ਬਦਾਂ ਨੂੰ ਚੁਣਿਆ ਜਿਹੜੇ ਨਿਰਧਾਰਤਿ ਰਾਗਾਂ ਦੀ ਕਸਵੱਟੀ ਤੇ ਪੂਰੇ ਉਤਰੇ। ਫਿਰ ਇਨ੍ਹਾਂ 61 ਸ਼ਬਦਾਂ ਦੀਆਂ ਸੰਗੀਤ ਵਿਦਵਾਨਾਂ ਜਿਹਾ ਕਿ ਪ੍ਰੋ. ਸਮਸ਼ੇਰ ਸਿੰਘ ਕਰੀਰ, ਪ੍ਰੋ. ਕਰਤਾਰ ਸਿੰਘ ਅਤੇ ਪ੍ਰੋ. ਪਰਮਜੋਤ ਸਿੰਘ ਜੀ ਪਾਸੋਂ ਇਨ੍ਹਾਂ ਦੀਆਂ ਸਵਰ ਲਿਪੀਆਂ ਤਿਆਰ ਕਰਵਾਈਆਂ ਗਈਆਂ ਅਤੇ ਇਨ੍ਹਾਂ ਦੀ ਸੰਪਾਦਨਾ ਬੀਬੀ ਜਸਬੀਰ ਕੌਰ ਖਾਲਸਾ ਦੁਆਰਾ ਕਰਵਾ ਕੇ "ਵਿਸਮਾਦ ਨਾਦ" ਨੇ ਇਸ ਨੂੰ ਪਹਿਲੇ ਭਾਗ ਵਿਚ ਪ੍ਰਕਾਸ਼ਿਤ ਕਰਕੇ ਸੰਗਤਾਂ ਤੱਕ ਪਹੁੰਚਾਇਆ। ਇਹ ਕੋਈ ਛੋਟੀ ਜਹੀ ਗੱਲ ਨਹੀ ਹੈ। ਇਸ ਕੰਮ ਨੂੰ ਬਹੁਤ ਸਮਾਂ ਵੀ ਲੱਗਿਆ ਅਤੇ ਅਣਥੱਕ ਮਿਹਨਤ ਵੀ।

ਪਰ ਹੁਣ ਜੁ ਇਸ ਲੜੀ ਦਾ ਦੂਜਾ ਭਾਗ ਜੋ ਕਿ ਸਾਹਿਤਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਹੈ। ਇਸ ਪੁਸਤਕ ਨੂੰ ਭਾਈ ਸੁਖਵੰਤ ਸਿੰਘ ਜੀ ਨੇ ਬਹੁਤ ਹੀ ਮਿਹਨਤ ਨਾਲ ਸੰਪਾਦਤ ਕੀਤਾ ਹੈ ਅਤੇ ਇਹ ਉਨ੍ਹਾਂ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਹੈ। ਵੱਖ-ਵੱਖ ਪੁਸਤਕਾਂ/ਰਸਾਲਿਆਂ ਵਿਚ ਬਿਖਰੇ ਪਏ ਗੁਰਮਤਿ ਸੰਗੀਤ ਬਾਰੇ ਉੱਚ ਕੋਟੀ ਦੇ ਵਿਦਵਾਨਾਂ ਦੁਆਰਾ ਲਿਖੇ ਲੇਖਾਂ ਨੂੰ ਚੁਣ ਕੇ ਇੱਕਠਿਆਂ ਕੀਤਾ ਅਤੇ ਇਸ ਸੰਗ੍ਰਹਿ ਦੇ ਰੂਪ ਵਿਚ ਸੰਗਤਾਂ ਦੀ ਭੇਟਾ ਕੀਤਾ ਹੈ। ਇਹ ਪੁਸਤਕ ਗੁਰਮਤਿ ਸੰਗੀਤ ਦੇ ਜਗਿਆਸੂਆਂ ਲਈ ਬਹੁਤ ਹੀ ਸੁੰਦਰ ਅਤੇ ਵਡਮੁੱਲੀ ਅਤੇ ਲਾਭਕਾਰੀ ਸੁਗਾਤ ਹੈ। ਕਿਉਂਕਿ ਗੁਰੂ ਦੇ ਆਦੇਸ਼ ਦੁਆਰਾ ਗਾਇਣ ਕਰਨ ਵਾਸਤੇ ਗੁਰਮਤਿ ਸੰਗੀਤ ਦੀ ਸੂਝ ਬੂਝ ਹੋਣੀ ਬਹੁਤ ਜਰੂਰੀ ਹੈ ਅਤੇ ਇਹ ਸੂਝ ਬੂਝ ਪੈਦਾ ਕਰਨ ਵਾਸਤੇ ਸਾਨੂੰ ਕਈ ਪੁਰਾਣੀਆਂ ਲਿਖਤਾਂ/ਪੁਸਤਕਾਂ/ਗ੍ਰੰਥਾਂ ਦੀ ਭਾਲ ਕਰਨੀ ਪੈਂਦੀ ਹੈ ਫਿਰ ਉਨ੍ਹਾਂ ਵਿਚੋਂ ਛਾਂਟੀ ਕਰਨੀ ਪੈਂਦੀ ਹੈ। ਕਈ ਲਾਇਬ੍ਰੇਰੀਆਂ ਵਿਚ ਜਾਣਾ ਪੈਂਦਾ ਹੈ। ਫਿਰ ਕਿਧਰੇ ਜਾ ਕੇ ਕੁਝ ਜਾਣਕਾਰੀ ਹਾਸਲ ਹੁੰਦੀ ਹੈ। ਪਰ ਅੱਜਕਲ ਕਿਸੇ ਪਾਸ ਇਤਨਾ ਸਮਾਂ ਹੀ ਨਹੀਂ ਹੈ। ਇਸ ਮੁਸ਼ਕਿਲ ਕੰਮ ਨੂੰ ਭਾਈ ਸੁਖਵੰਤ ਸਿੰਘ ਜੀ ਨੇ ਆਪਣੀ ਅਣਥੱਕ ਮਿਹਨਤ ਦੁਆਰਾ ਜਗਿਆਸੂਆਂ ਲਈ ਬਹੁਤ ਆਸਾਨ ਬਣਾ ਦਿੱਤਾ ਹੈ। ਹੁਣ ਸੰਗਤਾਂ ਇਹ ਗ੍ਰੰਥ ਦਾ ਅਧਿਐਨ ਕਰਕੇ ਗੁਰਮਤਿ ਸੰਗੀਤ ਬਾਰੇ ਬਹੁਤ ਜ਼ਿਆਦਾ ਜਾਣਕਾਰੀ ਹਾਸਲ ਕਰ ਸਕਦੀਆਂ ਹਨ।

ਇਸ ਪੁਸਤਕ ਵਿਚ ਗੁਰਮਤਿ ਸੰਗੀਤ ਦੇ ਮਹੱਤਵਪੂਰਨ ਪੱਖਾਂ ਬਾਰੇ ਉੱਚ ਕੋਟੀ ਦੇ ਵਿਦਵਾਨਾਂ ਦੇ ਲੇਖ ਸ਼ਾਮਲ ਹਨ ਜਿਵੇਂ, ਗੁਰਮਤਿ ਸੰਗੀਤ ਦੀਆਂ ਸ਼ੈਲੀਆਂ, ਚੌਕੀਆਂ, ਰਾਗ, ਪਰੰਪਰਾ, ਸਾਜ਼ ਆਦਿ ਬਾਰੇ ਲੇਖ ਸ਼ਾਮਲ ਹਨ। ਡਾਕਟਰ ਦਵਿੰਦਰ ਸਿੰਘ ਵਿਦਿਆਰਥੀ, ਡਾ. ਡੀ. ਐਸ ਨਰੂਲਾ, ਡਾ. ਗੁਰਨਾਮ ਸਿੰਘ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਡਾ. ਪ੍ਰੋ. ਅੰਮ੍ਰਿਤਪਾਲ ਕੌਰ, ਟੀ.ਸੀ.ਨਾਗਪਾਲ, ਉਸਤਾਦ ਜਸਵੰਤ ਸਿੰਘ ਭੰਵਰਾ, ਪ੍ਰੋ. ਬਲਵਿੰਦਰ ਸਿੰਘ , ਪ੍ਰਿੰਸੀਪਲ ਸਤਿਬੀਰ ਸਿੰਘ, ਡਾ. ਮਹਿੰਦਰ ਕੌਰ ਗਿੱਲ, ਪ੍ਰੋ. ਪਰਮਜੋਤ ਸਿੰਘ, ਭਾਈ ਵੀਰ ਸਿੰਘ ਜੀ, ਡਾ. ਅਮਰ ਭਾਰਤੀ, ਡਾ. ਜਸਬੀਰ ਸਿੰਘ

ਸਾਬਰ, ਡਾ. ਜਾਗੀਰ ਸਿੰਘ, ਪ੍ਰੋ. ਬਲਦੇਵ ਸਿੰਘ ਬਲੂਆਣਾ, ਸੰਤ ਬਾਬਾ ਸੁੱਚਾ ਸਿੰਘ, ਡਾ. ਜਸਬੀਰ ਕੌਰ ਪਟਿਆਲਾ, ਵਨੀਤ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਰਣਜੀਤ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰੋ. ਸ਼ੇਰ ਸਿੰਘ 'ਸ਼ੇਰ', ਪ੍ਰੋ. ਦਲਜੀਤ ਸਿੰਘ, ਡਾ. ਅਜੀਤ ਸਿੰਘ ਪੈਂਤਲ, ਸਿੰਘ ਬੰਧੂ, ਸਿੰਘ ਸਾਹਿਬ ਹਰਭਜਨ ਸਿੰਘ ਯੋਗੀ, ਡਾ. ਜਤਿੰਦਰਪਾਲ ਸਿੰਘ ਜੌਲੀ, ਡਾ. ਮਨਜੀਤ ਸਿੰਘ ਰੇਡੀਓ ਅਨਾਊਂਸਰ, ਜਸਬੀਰ ਕੌਰ ਖਾਲਸਾ ਆਦਿ ਵਿਦਵਾਨਾਂ ਰਾਹੀਂ ਅੰਗਰੇਜ਼ੀ ਪੰਜਾਬੀ ਵਿਚ ਪ੍ਰਕਾਸ਼ਿਤ ਲੇਖ ਇਕ ਪੁਸਤਕ ਦਾ ਸ਼ਿੰਗਾਰ ਹਨ।

ਇਸ ਮਹਾਨ ਕਾਰਜ ਦੇ ਲਈ ਕੀਤੀ ਗਈ ਮਿਹਨਤ ਦੇ ਲਈ ਭਾਈ ਸੁਖਵੰਤ ਸਿੰਘ ਜੀ ਅਤੇ "ਵਿਸਮਾਦ ਨਾਦ" ਦੇ ਸਾਰੇ ਕਾਰਜ ਕਰਤਾ ਵਿਸ਼ੇਸ਼ ਵਧਾਈ ਦੇ ਪਾਤਰ ਹਨ ਅਤੇ ਦਾਸ ਸਮੂਹ ਸੰਗਤਾਂ ਵੱਲੋਂ ਇਨ੍ਹਾਂ ਸਾਰਿਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਹ ਹੋਰ ਵਡਮੁੱਲੀ (ਪੁਸਤਕ) ਦਾਤ ਸੰਗਤਾਂ ਦੀ ਝੋਲੀ ਵਿਚ ਪਾਈ ਹੈ ਜੋ ਕਿ ਸੰਗਤਾਂ ਨੂੰ ਗੁਰਮਤਿ ਸੰਗੀਤ ਬਾਰੇ ਲੋੜੀਂਦੀ ਸੋਝੀ ਦੇਣ ਵਿਚ ਸਮਰੱਥ ਹੋਵੇਗੀ।

# ਕੀਰਤਨ ਸਮਾਗਮ

ਗੁਰਜੰਤ ਸਿੰਘ ਰਾਹੀ : ਗੁਰਮਤਿ ਸੰਗੀਤ ਵਿਦਿਆਲਾ, ਨਨਕਾਣਾ ਸਾਹਿਬ ਰੋਡ, ਸੰਗਰੂਰ

❐ ਮਾਰਚ ਮਹੀਨੇ ਦੀ ਮਿੱਠੀ-ਮਿੱਠੀ 2 ਰੁੱਤ ਵਿਚ ਗੁਰਮਤਿ ਸੰਗੀਤ ਵਿਦਿਆਲਾ ਸੰਗਰੂਰ ਵਲੋਂ ਯਾਦਗਾਰ ਭਾਈ ਮਰਦਾਨਾ ਜੀ ਦੇ ਸਥਾਨ ਤੇ ਸ੍ਰੀ ਗੁਰੂ ਅੰਗਦਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਕ ਕੀਰਤਨ ਦਰਬਾਰ ਕਰਵਾਇਆ ਗਿਆ। ਭਾਈ ਜਗੀਰ ਸਿੰਘ ਸ਼ਾਂਤ ਦੇ ਰਾਗੀ ਜਥੇ ਵਲੋਂ ਸਵੇਰੇ ਪੰਜ ਵਜੇ ਤੋਂ ਅੱਠ ਵਜੇ ਤੱਕ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਸਵੇਰ ਦੇ ਰਾਗਾਂ ਵਿਚ ਗਾ ਕੇ ਕੀਤਾ। ਜਿਸ ਦਾ ਸੰਗਤਾਂ ਨੇ ਅਨੰਦ ਮਾਣਿਆ। ਹਾਜ਼ਰੀ ਦਾ ਲੰਗਰ ਛਕਣ ਤੋਂ ਬਾਅਦ ਖੁੱਲ੍ਹੇ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਕੂਲੀ ਬੱਚਿਆਂ ਦੇ ਸ਼ਬਦ ਗਾਇਨ ਮੁਕਾਬਲੇ ਕਰਵਾਏ ਗਏ। ਜਿਸ ਵਿਚ ਕਾਕਾ ਸ਼ਮਿੰਦਰ ਸਿੰਘ, ਹਰਦੀਪ ਸਿੰਘ ਧੂਰੀ, ਬੀਬੀ ਰੈਨਾ ਅਤੇ ਇੰਦਰਪ੍ਰੀਤ ਕੌਰ, ਅਰਸ਼ਦੀਪ ਕੌਰ, ਗੁਰਪ੍ਰੀਤ ਕੌਰ ਅਤੇ ਸਿਮਰਦੀਪ ਕੌਰ ਨੇ ਸ਼ਬਦ ਗਾ ਕੇ ਹਾਜ਼ਰੀ ਲਵਾਈ। ਬੱਚਿਆਂ ਦੇ ਕਵੀ ਦਰਬਾਰ ਕਾਕਾ ਗੁਰਪ੍ਰੀਤ ਸਿੰਘ ਪਲਵਿੰਦਰ ਸਿੰਘ ਉਪਿੰਦਰ ਸਿੰਘ, ਅਰਸ਼ਦੀਪ ਕੌਰ, ਤਸਪ੍ਰੀਤ ਸਿੰਘ, ਤੇਜਿੰਦਰ ਸਿੰਘ ਤੇ ਸਹਿਜਪਾਲ ਸਿੰਘ ਨੇ ਸਿੱਖੀ ਵਿਚਾਰਧਾਰਾ ਨਾਲ ਭਰਪੂਰ ਜੋਸ਼ੀਲੀਆਂ ਕਵਿਤਾਵਾਂ ਸੁਣਾਈਆਂ।

ਭਾਈ ਸਰਦਾਰਾ ਸਿੰਘ ਹਸਮੁਖ ਦੇ ਰਾਗੀ ਜਥੇ ਨੇ ਪੁਰਾਤਨ ਰਬਾਬੀ ਸ਼ੈਲੀ ਵਿਚ ਕੀਰਤਨ ਸੁਣਾ ਕੇ ਨਿਹਾਲ ਕੀਤਾ ਅਤੇ ਭਾਈ ਮਰਦਾਨਾ ਜੀ ਦੇ ਵੰਸਜਾਂ ਨੂੰ ਗੁਰਮਤਿ ਸੰਗੀਤ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਭਾਈ ਗੁਲਜਾਰ ਸਿੰਘ ਚਮਕੀਲਾ ਨਾਭਾ ਵਾਲੇ ਨੇ ਸੁਰੀਲੇ ਅੰਦਾਜ਼ ਵਿਚ ਸਿੱਖ ਇਤਿਹਾਸ ਵਿਚ ਦੋ ਗੀਤ ਗਾਏ। ਗੀਤ ਵਿਚ ਹੀ ਸਮੇਂ ਦੇ ਰਾਗ ਸਾਰੰਗ ਦਾ ਬਾਖੂਬੀ ਨਿਭਾਅ ਕੀਤਾ।

ਭਾਈ ਬਲਜੀਤ ਸਿੰਘ ਸੁਰੀਲਾ ਹਜ਼ੂਰੀ ਰਾਗੀ ਗੁਰਦੁਆਰਾ ਜੋਤੀ ਸਰੂਪ ਨੇ ਵੀ ਭਾਈ ਸੁਖਦੇਵ ਸਿੰਘ ਸੁਰੀਲਾ ਨੇ ਆਪਣੀ ਹਾਜ਼ਰੀ ਲੁਆਈ। ਭਾਈ ਜਸਵਿੰਦਰ ਸਿੰਘ ਖਾਲਸਾ ਖੰਨੇ ਵਾਲਿਆਂ ਕੀਰਤਨ ਦੁਆਰਾ ਨਿਹਾਲ ਕੀਤਾ। ਭਾਈ ਸੁਰਿੰਦਰਪਾਲ ਸਿੰਘ ਸਿਦਕੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਅਤੇ ਭਾਈ ਮੋਹਨ ਸਿੰਘ ਧੂਰੀ ਨੇ ਬੱਚਿਆਂ ਨੂੰ ਸਿੱਖੀ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸਟੇਜ ਸਕੱਤਰ ਦੀ ਸੇਵਾ ਗੁਰਜੰਤ ਸਿੰਘ ਰਾਹੀ ਨੇ ਨਿਭਾਈ ਭਾਈ ਮਰਦਾਨਾ ਜੀ ਦੇ ਜੀਵਨ ਬਾਰੇ ਇਕ ਪੇਪਰ ਪੜ੍ਹਿਆ ਅਤੇ ਅਜੋਕੇ ਕੀਰਤਨ ਅਤੇ ਗੁਰਮਤਿ ਸੰਗੀਤ ਬਾਰੇ ਵਿਸਥਾਰ ਨਾਲ ਵੀਚਾਰ ਕੀਤਾ। ਬੱਚਿਆਂ ਨੂੰ ਗੁਰਮਤਿ ਸੰਗੀਤ ਦੇ ਮਾਧਿਅਮ ਰਾਹੀਂ ਸਿੱਖੀ ਵੀਚਾਰਧਾਰਾ ਨਾਲ ਜੁੜਨ ਦਾ ਤਰੀਕਾ ਦੱਸਿਆ। ਬੱਚਿਆਂ ਨੂੰ ਆਪਣੀ ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਸੰਗੀਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸਿੱਖਿਆ ਲੈਣ ਦੀ ਪ੍ਰੇਰਨਾ ਦਿੱਤੀ ਗਈ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਸੰਗਤਾਂ ਨੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਛੇਤੀ ਛੇਤੀ ਕਰਵਾਉਂਦੇ ਰਿਹਾ ਕਰੋ। ਜਿਸ ਨਾਲ ਬੱਚਿਆਂ ਅੰਦਰ ਉਤਸ਼ਾਹ ਬਣਿਆ ਰਹੇ। ਕੁਲ ਮਿਲਾ ਕੇ ਸਮਾਗਮ ਸਫਲ ਰਿਹਾ।

❐ ਮਿਤੀ 31/03/04 ਤੋਂ 03/04/04 ਤੱਕ ਗੁਰਦੁਆਰਾ ਸਾਹਿਬ ਸੰਤਪੁਰਾ ਸੰਗਰੂਰ ਵਿਖੇ ਇਕ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿਚ ਸਿੱਖ ਪੰਥ ਦੇ ਵਿਦਵਾਲ ਸੰਤ ਹਰਦੇਵ ਸਿੰਘ ਜੀ ਲੂਲੋਂ ਵਾਲਿਆਂ ਨੇ ਆਪਣੇ ਚਾਰ ਦਿਨਾਂ ਧਾਰਮਿਕ ਦੀਵਾਨਾਂ ਵਿਚ ਜਿੱਥੇ ਮਲਵਈ ਧਾਰਨਾ ਵਾਲੇ ਕੀਰਤਨ ਦੀ ਅੰਮ੍ਰਿਤ ਵਰਖਾ ਕੀਤੀ ਉਥੇ ਵਿਦਵਤਾ ਭਰਪੂਰ ਵਿਆਖਿਆ ਨਾਲ ਗੁਰਮਤਿ ਦੇ ਅਹਿਮ ਗੂੜੇ ਮਸਲਿਆਂ, ਗੁਰਮਤਿ ਵਿਚਾਰਧਾਰਾ ਦਾ ਸੰਗਤ ਨਾਲ ਵੀਚਾਰ ਕੀਤਾ। ਸੰਤ ਹਰਦੇਵ ਸਿੰਘ ਜੀ ਗੁਰਮਤਿ ਦੇ ਧਨੰਤਰ ਦਿਵਵਾਨ ਹੋਣ ਦੇ ਨਾਲ-ਨਾਲ ਸਪਸ਼ਟਵਾਦੀ ਵੀ ਹਨ ਗਲ ਮੂੰਹ 'ਤੇ ਕਹਿ ਦਿੰਦੇ ਹਨ ਚਾਹੇ ਕਿਸੇ ਨੂੰ ਗੁੱਸਾ ਹੀ ਲੱਗੇ। ਦੀਵਾਨ ਦੇ ਆਖਰੀ ਦਿਨ ਜਿਉਂ ਹੀ ਪੰਡਾਲ ਵਿਚ ਜਥੇਦਾਰ ਅਕਾਲ ਤਖ਼ਤ ਭਾਈ ਜੁਗਿੰਦਰ ਸਿੰਘ ਵੇਦਾਂਤੀ ਆਏ ਸੰਗਤਾਂ ਵਲੋਂ ਜੈਕਾਰੇ ਲਾਉਣੇ ਸ਼ੁਰੂ ਕਰ ਦਿੱਤੇ। ਜਦੋਂ ਕਿ ਸੰਤ ਜੀ ਕੀਰਤਨ ਵਿਆਖਿਆ ਕਰ ਰਹੇ ਸਨ। ਸੰਤਾਂ ਨੇ ਉਸੇ ਵੇਲੇ ਕਿਹਾ ਕਿ ਆਉਣਾ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਵੱਡਾ ਨਹੀਂ ਇਸ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਿਅਕਤੀ ਦੀ ਜਿੰਦਾਬਾਦ ਮੁਰਦਾਬਾਦ ਨਾ ਕਰਿਆ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਅਤੇ ਗੁਰਬਾਣੀ ਅਨੁਸਾਰ ਜੀਵਨ ਢਾਲਣਾ ਹੀ ਸਹੀ

ਅਰਥਾਂ ਵਿਚ ਸ਼ਤਾਬਦੀ ਮਨਾਉਣੀ ਹੋਵੇਗੀ।

ਇਸੇ ਸਮਾਗਮ ਵਿਚ ਭਾਈ ਅਵਤਾਰ ਸਿੰਘ 'ਹੰਸ' ਹਜ਼ੂਰੀ ਰਾਗੀ, ਭਾਈ ਪ੍ਰੇਮ ਸਿੰਘ ਹੈਪੀ ਅਤੇ ਬੀਬੀ ਗੁਰਦੀਪ ਕੌਰ ਜੀ ਦੇ ਰਾਗੀ ਜਥੇ ਵਲੋਂ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ। ਜਥੇਦਾਰ ਸ੍ਰੀ ਅਕਾਲ ਤਖ਼ਤ ਭਾਈ ਜੁਗਿੰਦਰ ਸਿੰਘ ਵੇਦਾਂਤੀ ਅਤੇ ਭਾਈ ਬਲਵੰਤ ਸਿੰਘ ਅਨੰਦਗੜ੍ਹ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੇ ਵੀ ਆਪਣੇ ਵੀਚਾਰ ਰੱਖੇ। ਭਾਈ ਜੋਗਾ ਸਿੰਘ ਫਗੂਵਾਲਾ ਐਗਜੈਕਟਿਵ ਮੈਂਬਰ ਐਸ ਜੀ ਪੀ ਸੀ ਅਤੇ ਭਾਈ ਸੁਰਿੰਦਰ ਸਿੰਘ ਪ੍ਰਧਾਨ ਅਤੇ ਸਮੂੰਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਪ੍ਰੋਗਰਾਮ ਵਧੀਆ ਰਿਹਾ।


❑ ਮਿਤੀ 5 ਅਪ੍ਰੈਲ 2004 ਨੂੰ ਨਾਭਾ ਗੇਟ ਬਾਹਰ ਸੰਗਰੂਰ ਗੁਰਦੁਆਰਾ ਸਾਰੀ ਸਮਾਧਾਂ ਦੇ ਗੁਰਜੰਟ ਸਿੰਘ ਰਾਤ ਦੇ ਸਮੇਂ ਇਹ ਸਮਾਗਮ ਭਾਈ ਪ੍ਰੇਮਜੀਤ ਸਿੰਘ ਹੈਪੀ ਜੀ ਦੇ ਜਥੇ ਵਲੋਂ ਸੋਦਰ ਰਹਿਰਾਸ ਦੇ ਕੀਰਤਨ ਨਾਲ ਸ਼ੁਰੂ ਹੋਇਆ। ਹੈਪੀ ਜੀ ਨਿਸ਼ਕਾਮ ਕੀਰਤਨੀਏ ਹਨ ਜੋ ਬੜਾ ਰੂਹ ਨਾਲ ਕੀਰਤਨ ਬੁਲੰਦ ਆਵਾਜ਼ ਵਿਚ ਕਰਦੇ ਹਨ। ਸੰਗਤਾਂ ਨੂੰ ਵਾਹਿਗੁਰੂ ਦੀ ਧੁਨੀ ਨਾਲ ਜੋੜਦੇ ਹਨ। ਭਾਈ ਸਾਹਿਬ ਭਾਈ ਚਮਨਜੀਤ ਸਿੰਘ ਲਾਲ ਦੇ ਸਮਾਗਮਾਂ ਵਿਚ ਕੀਰਤਨ ਦੀ ਹਾਜ਼ਰੀ ਭਰਦੇ ਹਨ ਅਤੇ ਦੋਦੜਾ ਸਾਹਿਬ ਦੇ ਪ੍ਰਮੁੱਖ ਕੀਰਤਨੀਆਂ ਵਿਚੋਂ ਹਨ। ਭਾਗ ਹੋਆ ਗੁਰ ਸੰਤ ਮਿਲਾਇਆ ਸ਼ਬਦ ਗਾ ਕੇ ਆਪਣੀ ਹਾਜ਼ਰੀ ਲੁਆਈ ਤਬਲੇ ਦੀ ਸੰਗਤ ਭਾਈ ਅਵਤਾਰ ਸਿੰਘ ਹੰਸ ਨੇ ਕੀਤੀ। ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਐਸੇ ਗੁਰੂ ਲਓ ਬਲ ਬਲ ਜਾਈਏ॥ ਆਪ ਮੁਕਤ ਮੋਹਿ ਤਾਰੇ। ਮੇਰੇ ਸਾਹਿਬ ਤੂੰ ਮੈ ਮਾਣ ਨਿਮਾਣੀ ਅਤੇ ਪ੍ਰਭ ਡੋਰੀ ਹਾਥ ਤੁਮਾਰੇ॥ ਸਾਰੇ ਸ਼ਬਦ ਸਧਾਰਨ ਗੀਤ ਅੰਗ ਵਿਚ ਗਾਏ। ਬੜੀ ਹੈਰਾਨੀ ਹੋਈ ਦਰਬਾਰ ਸਾਹਿਬ ਦਾ ਜਥਾ ਰਾਗ ਦਾ ਸ਼ਬਦ ਗਾਏ ਬਗੈਰ ਕਹਿਰਵੇ ਤਾਲ ਵਿਚ ਸਾਰਾ ਕੀਰਤਨ ਕਰ ਗਿਆ। ਭਾਈ ਬਲਵਿੰਦਰ ਸਿੰਘ ਬਰਵਾਲਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਰਾਗ ਸੋਰਠ ਵਿਚ 'ਹਉ ਢੂੰਢੇਦੀ ਸਜਣਾ' ਗਾ ਕੇ ਬਾਦ ਵਿਚ ਅਬ ਹਮ ਚਲੀ ਠਾਕੁਰ ਪਹਿ ਹਾਰ ਅਤੇ ਸਤਿਗੁਰ ਸਿਖ ਕੋ ਨਾਮ ਧਨ ਦੇਹਿ' ਗੀਤਾਂ ਦਾ ਗਾਇਨ ਕੀਤਾ। ਤਬਲੇ ਦੀ ਸੰਗਤ ਵਧੀਆ ਸੀ। ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਦਰਸਨ ਕੋ ਬਲ ਜਾਓ ਗੁਰੂ ਜੀ ਕੇ, ਸਤਿਗੁਰ ਕੀ ਸੇਵਾ ਸਫਲ ਦਾ ਗਾਇਨ ਕਰਕੇ ਨਿਹਾਲ ਕੀਤਾ।

ਚਾਹ ਪਾਣੀ ਪੀਂਦਿਆਂ ਮੈਂ ਭਾਈ ਬਲਵਿੰਦਰ ਸਿੰਘ ਬਰਵਾਲਾ ਜੀ ਨਾਲ ਅਜੋਕੇ ਕੀਰਤਨ ਸ਼ੈਲੀ ਬਾਰੇ ਗਲਬਾਤ ਕੀਤੀ ਸੀ ਉਨ੍ਹਾਂ ਨੇ ਵੀ ਇਹ ਮੰਨਿਆ ਕਿ ਦਰਬਾਰ ਸਾਹਿਬ ਦੀ ਕੀਰਤਨ ਸ਼ੈਲੀ ਪੁਰਾਤਨ ਹੋਣੀ ਚਾਹੀਦੀ ਹੈ ਜੋ ਰਾਗੀ ਅਧਾਰਤ ਹੋਵੇ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਇਸ ਬਾਰੇ ਅੰਮ੍ਰਿਤ ਕੀਰਤਨ ਵਿਚ ਸਪਸ਼ਟ ਲਿਖਾਂਗਾ ਕਿ ਹਜ਼ੂਰੀ ਰਾਗ ਰਾਗ ਤੋਂ ਬਗੈਰ ਆਪਣਾ ਕੀਰਤਨ ਨਾ ਕਰਨ ਤਾਂ ਉਨ੍ਹਾਂ ਹਸ ਕੇ ਕਿਹਾ ਜਿਸ ਨੇ ਗਾਇਆ ਉਸਦਾ ਨਾਂ ਲਿਖ ਦਿਓ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਗੁਰਬਾਣੀ ਕੀਰਤਨ ਦਿਨੋ ਦਿਨ ਸਾਦਾ ਹੁੰਦਾ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਪੜਤਾਲ, ਜਤ, ਘਰ ਆਦਿ ਸਾਰੇ ਕਿਤੇ ਕਿਤਾਬਾਂ ਦਾ ਸ਼ਿੰਗਾਰ ਬਣ ਕੇ ਨਾ ਰਹਿ ਜਾਣ। ਇਸ ਲਈ ਪ੍ਰਬੰਧਕ ਕਮੇਟੀ ਜਥਿਆਂ ਦੀ ਚੋਣ ਕਰਨ ਸਮੇਂ ਉਸਦੀ ਰਾਗ ਸੂਝ ਨੂੰ ਮੁੱਖ ਰੱਖਕੇ ਕਰੇ ਅਤੇ ਦਰਬਾਰ ਸਾਹਿਬ ਵਿਚ ਕੀਰਤਨ ਚੌਕੀਆਂ ਵਿਚ ਗਾਏ ਜਾਣ ਵਾਲੇ ਸਮੇਂ ਦੇ ਰਾਗਾਂ ਦਾ ਵੇਰਵਾ ਬਣਾ ਕੇ ਕੀਰਤਨੀ ਜਥਿਆਂ ਨੂੰ ਉਸ ਅਨੁਸਾਰ ਕੀਰਤਨ ਕਰਨ ਦੀ ਹਦਾਇਤ ਕਰੇ ਅਤੇ ਬਾਹਰ ਕੀਰਤਨ ਦਰਬਾਰਾਂ ਵਿਚ ਜਾਣ ਵਾਲੇ ਜਥਿਆਂ ਨੂੰ ਸਮੇਂ ਦੇ ਰਾਗ ਦੀ ਪਾਬੰਦੀ ਦੀ ਪਾਲਣਾ ਕਰਨ ਲਈ ਹਦਾਇਤ ਕੀਤੀ ਜਾਵੇ। ਤਾਂ ਕਿ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਦੀ ਪਹਿਚਾਣ ਬਣੇ। ਇਕ ਦੂਜੇ ਦੀਆਂ ਰੀਕਾਰਡਿੰਗ ਗੀਤਾਂ ਗਾਉਣੀਆਂ ਸੋਭਾ ਨਹੀਂ ਦਿੰਦਾ। ਹਰ ਇਕ ਦਾ ਆਪਣਾ ਸਟਾਇਲ ਹੋਵੇ ਗੀਤ ਬੰਦਸ਼ ਕਰਨ ਦਾ। ਸੁਖਮਣੀ ਸਾਹਿਬ ਸੇਵਾ ਸੁਸਾਇਟੀ ਸੰਗਰੂਰ ਨੇ ਇਹ ਸਮਾਗਮ 2004 ਦੀਆਂ ਸ਼ਤਾਬਦੀਆਂ ਨੂੰ ਸਮਰਪਤ ਸੀ। ਕਿੰਨਾ ਚੰਗਾ ਹੁੰਦਾ ਜੇ ਇਕ ਕਥਾ ਵਾਚਕ ਜਾ ਕੋਈ ਵਿਦਵਾਨ ਬੁਲਾ ਲੈਂਦੇ ਜੋ ਉਪਰੋਕਤ ਸ਼ਤਾਬਦੀਆਂ ਗੁਰੂ ਸਾਹਿਬਾਨ ਦੇ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੀਚਾਰ ਧਾਰਾ ਬਾਰੇ ਜਾਣਕਾਰੀ ਦਿੰਦਾ। ਨਿਰੋਲ ਕੀਰਤਨ ਨਾਲ ਆਨੰਦ ਤਾਂ ਆਉਂਦਾ ਹੈ ਉਹ ਵੀ ਸਾਰਿਆਂ ਨੂੰ ਨਹੀਂ। ਵਿਆਖਿਆ ਨਾਲ ਆਪ ਮਨੁੱਖ ਨੂੰ ਵੀ ਬਾਣੀ ਬਾਰੇ ਇਤਿਹਾਸ ਬਾਰੇ ਜਾਣਕਾਰੀ ਹੋ ਜਾਂਦੀ ਹੈ ਜੋ ਗੁਰਮਤਿ ਵਿਚ ਪ੍ਰਪਕ ਰਹਿਣ ਵਿਚ ਸਹਾਈ ਹੁੰਦੀ ਹੈ। ਸਾਨੂੰ ਆਪਣੀ ਗੁਰਮਤਿ ਵੀਚਾਰਧਾਰਾ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ। ਇਸ ਉਪਰਾਲੇ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ।

# ਸੰਗੀਤ ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ ।ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ। |
| ਮੰ | ਇਹ ਤੀਬਰ ਮਧਿਅਮ ਹੈ।ਸੁਰ ਨੰ: 7 ਤੀਬਰ ਮਧਿਅਮ ਹੈ। |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸੰ/ਪੰ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ – | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਸ਼ਾਂ ऽ | ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧੰਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| ਮ ਪ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

**X O 1 2 3 X ਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।**



# ਸੁਰ ਲਿਪੀਆਂ

ਹਰਿਭਜਨ ਸਿੰਘ : 1246, ਸੈਕਟਰ 22-ਬੀ, ਚੰਡੀਗੜ੍ਹ

*ਰਾਗ ਬਿਲਾਵਲ*

**ਵਾਦੀ:** ਧ, **ਸੰਵਾਦੀ:** ਗ, **ਥਾਟ:** ਬਿਲਾਵਲ, ਸਾਰੇ ਸ਼ੁਧ ਸਵਰ, **ਜਾਤੀ:** ਸੰਪੂਰਣ
**ਸਮਾਂ:** ਦਿਨ ਦਾ ਦੂਜਾ ਪਹਿਰ **ਆਰੋਹ:** ਸ ਰ ਗ ਮ ਪ, ਧ ਨ ਸੰ
**ਅਵਰੋਹ:** ਸੰ ਨ ਧ, ਪ ਮਗ, ਰ ਸ। **ਮੁੱਖ ਅੰਗ:** ਗ ਰ, ਗ ਮ ਧ ਪ, ਮ ਗ, ਮ ਰ ਸ।

**ਬਿਲਾਵਲ ਰਾਗ ਰੂਪਕ ਤਾਲ**

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| **ਅਸਥਾਈ** | | | | | | | | | | | | | |
| ਗ | – | ਰ | ਗ | ਗ | ਸ | – | ਸਰ | ਗਮ | –ਗ | ਮ | – | ਮ | ਪ |
| *ਮੂ* | *ऽ* | *ਲਾ* | *ਲ* | *ਨ* | *ਸਿਉ* | *ऽ* | *ਪ੍ਰੀऽ* | *ऽऽ* | *ਤਿਬ* | *ਨੀ* | *ऽ* | *ऽ* | *ऽ* |
| ਗ | – | ਮ | ਰ | ਗ | ਸ | ਰ | ਗ | ਰਗ | ਗਸ | ਸ | ਧ਼ | ਸ | ਰ |
| *ਮੂ* | *ऽ* | *ਲਾ* | *ਲ* | *ਨ* | *ਸਿਉ* | *ऽ* | *ਪ੍ਰੀ* | *ऽऽ* | *ਤਿਬ* | *ਨੀ* | *ऽ* | *ऽ* | *ऽ* |
| **ਅੰਤਰਾ** | | | | | | | | | | | | | |
| ਗ | – | –ਪ | ਨ | ਧ | ਨ | – | ਸੰ | – | –ਨ | ਸੰ | – | ਸੰ | – |
| *ਤੋ* | *ऽ* | *ਰੀਨ* | *ਤੂ* | *ऽ* | *ਟੈ* | *ऽ* | *ਛੋ* | *ऽ* | *ਰੀਨ* | *ਛੂ* | *ऽ* | *ਟੈ* | *ऽ* |
| ਧ | – | ਨ | ਸੰ | ਸੰ | ਰੇਂ | ਰੇਂ | ਸੰ | ਨ | –ਧ | ਪ | – | ਪ | – |
| *ਐ* | *ऽ* | *ਸੀ* | *ਮਾ* | *ऽ* | *ਧੋ* | *ऽ* | *ਖਿੰ* | *ऽ* | *ਚਤ* | *ਨੀ* | *ऽ* | *ऽ* | *ऽ* |
| ਗੰ | – | ਮੰ | ਰੰ | – | ਸੰ | – | ਸੰਨ | ਧਪ | ਗਮ | ਰ | ਸ | ਸ | ਰ |
| *ਐ* | *ऽ* | *ਸੀ* | *ਮਾ* | *ऽ* | *ਧੋ* | *ऽ* | *ਖਿੰऽ* | *ऽऽ* | *ਚਤ* | *ਨੀ* | *ऽ* | *ऽ* | *ऽ* |

**ਬਿਲਾਵਲ ਮਹਲਾ ੫** **ਦੀਪਚੰਦੀ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| 1 | | | 2 | | | | 0 | | | 3 | | | |
| **ਅਸਥਾਈ** | | | | | | | | | | | | | |
| ਗ | ਧ | – | ਧ | – | – | ਧ | ਧ | ਨ | – | ਸੰ | – | – | – |
| *ਚ* | *ਲ* | *ऽ* | *ਤ* | *ऽ* | *ऽ* | *ਗਇ* | *ਆ* | *ऽ* | *ऽ* | *ऽ* | *ऽ* | *ऽ* | *ऽ* |
| ਨ | ਧ | – | ਪ | – | ਧਪ | – | ਮ | – | – | ਗ | – | ਗ | – |
| *ਤ* | *ਨੁ* | *ऽ* | *ਧ* | *ऽ* | *ਨੁऽ* | *ऽ* | *ਜੋ* | *ऽ* | *ऽ* | *ਬ* | *ऽ* | *ਨੁ* | *ऽ* |
| ਰ | – | – | ਗ | – | ਮ | ਮ | ਪ | ਪ | – | ਧ | – | – | – |
| *ਰਾ* | *ऽ* | *ऽ* | *ਮ* | *ऽ* | *ऽ* | *ਨਾ* | *ऽ* | *ਮ* | *ऽ* | *ਕਾ* | *ऽ* | *ऽ* | *ऽ* |

| | | | | | | | | | | | | | | |
|---|---|---|---|---|---|---|---|---|---|---|---|---|---|---|
| ਧ | ਧ | – | ਪ | ਧ | ਨ | ਧ | ਮ | – | – | ਗ | – | – | – |
| ਭ | ਜ | ऽ | ਨੁ | ऽ | ऽ | ਨ | ਕੀ | ऽ | ऽ | ਨੋ | ऽ | ऽ | ऽ |
| ਗ | ਸਂ | – | ਸਂ | – | – | ਸਂ | ਨ | ਰਂ | – | ਸਂ | – | ਸਂ | – |
| ਕ | ਰ | ऽ | ਤ | ऽ | ऽ | ਬਿ | ਕਾ | ਰ | ऽ | ਨਿ | ऽ | ਸਿ | ऽ |
| ਨ | ਸਂ | ਨ | ਧ | – | – | ਧ | ਧ | ਨ | – | ਸਂ | – | ਸਂ | – |
| ਭੋ | ऽ | ऽ | ਰ | ऽ | ऽ | ਭਇ | ਆ | ऽ | ऽ | ऽ | ऽ | ऽ | ऽ |
| ਸਂ | ਰੇ | – | ਰੇ | – | – | ਰਂ | ਸਂ | ਗਂ | – | ਰਂ | – | ਸਂ | – |
| ਕ | ਰ | ऽ | ਤ | ऽ | ऽ | ਬਿ | ਕਾ | ਰ | ऽ | ਨਿ | ऽ | ਸਿ | ऽ |
| ਨ | ਸਂ | ਨ | ਧ | – | – | ਧ | ਧ | ਨ | – | ਸਂ | – | – | – |
| ਭੋ | ऽ | ऽ | ਰ | ऽ | ऽ | ਭਇ | ਆ | ऽ | ऽ | ऽ | ऽ | ऽ | ऽ |
| ਨ | ਧ | – | ਪ | – | ਧਪ | – | ਮ | – | – | ਗ | – | ਗ | – |
| ਤ | ਨੁ | ऽ | ਧ | ऽ | ਨੁऽ | ऽ | ਜੋ | ऽ | ऽ | ਬ | ऽ | ਨੁ | ऽ |

**ਅੰਤਰਾ**

| | | | | | | | | | | | | | |
|---|---|---|---|---|---|---|---|---|---|---|---|---|---|
| ਧ | ਧ | – | ਨ | – | ਧ | ਧ | ਸਂ | – | – | ਸਂ | – | – | ਸਂ |
| ਅ | ਨਿ | ऽ | ਕਿ | ऽ | ऽ | ਪ੍ਰ | ਕਾ | ऽ | ऽ | ਰ | ऽ | ऽ | ਭੋ |
| ਗਂ | ਰਂ | – | ਸਂ | ਨ | ਧ | ਨ | ਸਂ | – | – | ਸਂ | – | – | – |
| ਜ | ਨ | ऽ | ਨਿ | ऽ | ਤ | ऽ | ਖਾ | ऽ | ऽ | ਤੇ | ऽ | ऽ | ऽ |
| ਸਂ | ਰਂ | – | ਰਂ | – | – | – | ਸਂ | ਗਂ | – | ਰਂ | – | ਸਂ | – |
| ਮੁ | ਖ | ऽ | ਦੰ | ऽ | ऽ | ऽ | ਤਾ | ऽ | ऽ | ਘ | ऽ | ਸਿ | ऽ |
| ਨ | ਸਂ | ਨ | ਧ | – | – | ਧ | ਧ | ਨ | – | ਸਂ | – | – | – |
| ਖੀ | ऽ | ऽ | ਨ | ऽ | ऽ | ਖਇ | ਆ | ऽ | ऽ | ऽ | ऽ | ऽ | ऽ |
| ਰ | – | – | ਗ | – | ਮ | – | ਪ | – | – | ਧ | – | – | – |
| ਮੇ | ऽ | ऽ | ਗੀ | ऽ | ऽ | ऽ | ਮੇ | ऽ | ऽ | ਗੀ | ऽ | ऽ | ऽ |
| ਧ | ਪ | – | ਪ | ਧ | ਨ | ਧ | ਮ | – | – | ਗ | – | – | – |
| ਕ | ਰਿ | ऽ | ਕ | ऽ | ਰਿ | ऽ | ਮੂ | ऽ | ऽ | ਠਉ | ऽ | ऽ | ऽ |
| ਗ | ਸਂ | – | ਸਂ | – | – | ਸਂ | ਨ | ਰਂ | – | ਸਂ | – | ਸਂ | – |
| ਪਾ | ऽ | ऽ | ਪ | ऽ | ऽ | ਕ | ਰ | ਤ | ऽ | ਨ | ऽ | ਹ | ऽ |
| ਨ | ਸਂ | ਨ | ਧ | – | – | ਧ | ਧ | ਨ | – | ਸਂ | – | – | – |
| ਪ | ऽ | ऽ | ਗੀ | ऽ | ऽ | ਦਇ | ਆ | ऽ | ऽ | ऽ | ऽ | ऽ | ऽ |
| ਨ | ਧ | – | ਪ | – | ਧਪ | – | ਮ | – | – | ਗ | – | ਗ | – |
| ਤ | ਨੁ | ऽ | ਧ | ऽ | ਨੁऽ | ऽ | ਜੋ | ऽ | ऽ | ਬ | ऽ | ਨੁ | ऽ |

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਬਿਲਾਵਲੁ ਮਹਲਾ ੫ ॥** | **Bilawal 5th Guru.** | **ਬਿਲਾਵਲ ਪੰਜਵੀਂ ਪਾਤਿਸ਼ਾਹੀ।** |
| ਮੂ ਲਾਲਨ ਸਿਉ ਪ੍ਰੀਤਿ ਬਨੀ ॥ | I have contracted love with my Beloved. | ਆਪਣੇ ਪ੍ਰੀਤਮ ਨਾਲ ਮੈਂ ਪ੍ਰੇਮ ਪਾ ਲਿਆ ਹੈ। |
| ਰਹਾਉ ॥ | Pause. | ਠਹਿਰਾਉ। |
| ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥ | The Lord of wealth has drawn me with such a string, that by breaking, it breaks not, and by letting it go, it goes not. | ਮਾਇਆ ਦੇ ਸੁਆਮੀ ਨੇ ਮੈਨੂੰ ਐਹੋ ਜੇਹੀ ਡੋਰ ਨਾਲ ਖਿਚਿਆ ਹੈ ਕਿ ਤੋੜਨ ਦੁਆਰਾ, ਇਹ ਟੁਟਦੀ ਨਹੀਂ ਅਤੇ ਛੱਡਣ ਦੁਆਰਾ, ਇਹ ਛੱਡੀ ਨਹੀਂ ਜਾਂਦੀ। |
| ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥ | Day and night the Lord abides within my mind. My Master shower Thou Thine benediction on me. | ਦਿਹੁੰ ਰਾਤ ਸਾਹਿਬ ਮੇਰੇ ਹਿਰਦੇ ਅੰਦਰ ਨਿਵਾਸ ਕਰਦਾ ਹੈ, ਹੇ ਮੇਰੇ ਮਾਲਕ! ਤੂੰ ਮੇਰੇ ਉਤੇ ਅਪਨੀ ਰਹਿਮਤ ਧਾਰ। |
| ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ ॥੩॥ | I am a sacrifice a sacrifice unto my black, beauteous Lord, whose ineffable discourse and story have I heard. | ਮੈਂ ਆਪਣੇ ਕਾਲੇ, ਸੋਹਣੇ ਸੁਆਮੀ ਉਤੇ ਕੁਰਬਾਨ ਕੁਰਬਾਨ ਵੰਞਦਾ ਹਾਂ, ਜਿਸ ਦੀ ਅਕਹਿ ਵਾਰਤਾ ਅਤੇ ਕਹਾਣੀ ਮੈਂ ਸ੍ਰਵਣ ਕੀਤੀ ਹੈ। |
| ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੮॥੧੧੪॥ | Slave Nanak is said to be the slave of the Lord's slaves. O my Master, shower Thou Thine benediction on me. | ਗੋਲਾ ਨਾਨਕ ਸੁਆਮੀ ਦੇ ਗੋਲਿਆਂ ਦਾ ਗੋਲਾ ਆਖਿਆ ਜਾਂਦਾ ਹੈ। ਹੇ ਮੇਰੇ ਮਾਲਕ! ਤੂੰ ਮੇਰੇ ਉਤੇ ਆਪਣੀ ਰਹਿਮਤ ਧਾਰ। |
| **ਬਿਲਾਵਲੁ ਮਹਲਾ ੫ ॥** | **Bilawal 5th Guru.** | **ਬਿਲਾਵਲ ਪੰਜਵੀਂ ਪਾਤਿਸ਼ਾਹੀ।** |
| ਤਨੁ ਧਨੁ ਜੋਬਨੁ ਚਲਤ ਗਇਆ ॥ | Body, wealth and youth pass away. | ਦੇਹ, ਦੌਲਤ ਅਤੇ ਜੁਆਨੀ ਟੁਰ ਵੰਞਦੇ ਹਨ। |
| ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸ ਭੋਰੁ ਭਇਆ ॥੧॥ | Thou meditatest not on the Lord's Name and the day dawns on thee while committing sins at night. | ਤੂੰ ਸੁਆਮੀ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਅਤੇ ਰਾਤ੍ਰੀ ਅੰਦਰ ਪਾਪ ਕਮਾਉਂਦਿਆਂ ਨੂੰ ਤੈਨੂੰ ਦਿਨ ਚੜ੍ਹ ਆਉਂਦਾ ਹੈ। |
| ਰਹਾਉ ॥ | Pause | ਠਹਿਰਾਉ। |
| ਅਨਿਕ ਪ੍ਰਕਾਰ ਭੋਜਨ ਨਿਤ ਖਾਤੇ ਮੁਖ ਦੰਤਾ ਘਸਿ ਖੀਨ ਖਇਆ ॥ | By continually eating various kinds of vietuals, thy mouth's teeth crumble, decay and drop out. | ਨਿਤਾ ਪ੍ਰਤੀ ਅਨੇਕਾਂ ਤਰਾਂ ਦੇ ਖਾਣੇ ਖਾਣ ਦੁਆਰਾ ਤੇਰੇ ਮੂੰਹ ਦੇ ਦੰਦ ਘਸ ਅਤੇ ਛਿਜ ਕੇ ਝੜ ਗਏ ਹਨ। |
| ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ ॥੧॥ | Thou art beguiled while practising egoism and committing sing. | ਤੂੰ ਅਪਣਤ ਧਾਰਦਾ ਅਤੇ ਕਸਮਲ ਕਮਾਉਂਦਾ ਹੋਇਆ ਠਗਿਆ ਗਿਆ ਹੈ। ਤੂੰ ਹੋਰਨਾਂ ਤੇ ਮਿਹਰਬਾਨੀ ਨਹੀਂ ਕਰਦਾ। |
| ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਨੀ ਗਲਤੁ ਪਇਆ ॥ | The supreme sing are the terrible ocean of trouble. In them the mortal is engrossed. | ਘੋਰ ਪਾਪ ਕਸ਼ਟ ਦਾ ਭਿਆਨਕ ਸਮੁੰਦਰ ਹਨ। ਉਨ੍ਹਾਂ ਅੰਦਰ ਫਾਨੀ ਬੰਦਾ ਗਲਤਾਨ ਹੋਇਆ ਹੋਇਆ ਹੈ। |
| ਸਰਨਿ ਪਰੇ ਨਾਨਕ ਸੁਆਮੀ ਕੀ ਬਾਹ ਪਕਰਿ ਪ੍ਰਭ ਕਾਢਿ ਲਇਆ ॥੨॥੨੪॥੧੧੦॥ | Nanak has ought the shelter of his Lord Master and taking him by the arm, God has extricated him. | ਨਾਨਕ ਨੇ ਆਪਣੇ ਸੁਆਮੀ ਮਾਲਕ ਦੀ ਪਨਾਹ ਲਈ ਹੈ ਅਤੇ ਭੁਜਾ ਤੋਂ ਫੜ ਕੇ ਵਾਹਿਗੁਰੂ ਨੇ ਉਸ ਨੂੰ ਬਾਹਰ ਕੱਢ ਲਿਆ ਹੈ। |